

ਬਲਬੀਰ ਸਿੰਘ ਕੰਵਲ

# ਸ਼ਿਅਰੋ-ਸ਼ਾਇਰੀ ਵਿਚ ਸਾਡੇ ਸ਼ਹਿਰਾਂ ਕਸਬਿਆਂ ਪਿੰਡਾਂ ਦੀ ਜੜਤ

ਮਹਾਂਵਾਕ ਹੈ:
ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸੱਭ ਕੋਇ।
*ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-472*

ਸਭ ਤੋਂ ਪਹਿਲਾ ਜੀਵ ਪਾਣੀ ਹੈ, ਜਿਸ ਨਾਲ ਕਾਇਨਾਤ ਦੀ ਹਰ ਚੀਜ਼ ਹਰੀ ਭਰੀ ਅਤੇ ਜੀਵਤ ਰਹਿੰਦੀ ਹੈ। ਪਾਣੀ ਤੋਂ ਬਗ਼ੈਰ ਕਿਉਂਕਿ ਕਿਸੇ ਦਾ ਵੀ ਗੁਜ਼ਾਰਾ ਨਹੀਂ, ਇਸ ਲਈ ਮਨੁੱਖੀ ਵਸੇਬ ਸਭ ਤੋਂ ਪਹਿਲਾਂ ਦਰਿਆਵਾਂ ਦੇ ਕੰਢਿਆਂ ਤੋਂ ਹੀ ਸ਼ੁਰੂ ਹੋਇਆ ਸੀ। ਖਾਣ-ਪੀਣ ਦੇ ਸਾਮਾਨ ਦੀਆਂ ਸਭ ਤੋਂ ਪਹਿਲੀਆਂ ਦੁਕਾਨਾਂ ਵੀ ਬਾਣੀਆਂ ਵਲੋਂ ਦਰਿਆਵਾਂ ਦੇ ਕੰਢਿਆਂ ਅਤੇ ਬੋਹੜਾਂ ਥੱਲੇ ਖੁਲ੍ਹਣੀਆਂ ਸ਼ੁਰੂ ਹੋਈਆਂ ਸਨ। ਬਾਣੀਏ ਅਤੇ ਬੋਹੜ ਦਾ ਆਪਸ ਵਿਚ ਕਿਉਂਕਿ ਗੂੜ੍ਹਾ ਰਿਸ਼ਤਾ ਸੀ, ਇਸ ਲਈ ਅੰਗਰੇਜ਼ੀ ਜ਼ੁਬਾਨ ਵਿਚ ਰਲਤ ਕਰ ਚੁੱਕੇ ਸ਼ਬਦ Banyan/Banian (Indian fig-Tree) ਦਾ ਅਜਿਹਾ ਪਿਛੋਕੜ ਵੀ ਏਸੇ ਕਾਰਨ ਹੈ। ਪੰਜਾਬ ਦਾ ਇਹ ਨਾਂ ਪੰਜ-ਆਬ (ਪਾਣੀ, ਦਰਿਆ) ਹੋਣ ਕਰਕੇ ਅਜਿਹਾ ਪਿਆ ਸੀ। ਇਨ੍ਹਾਂ ਦਰਿਆਵਾਂ ਬਾਰੇ ਇਹ ਗੱਲ ਅਕਸਰ ਕਹੀ ਜਾਂਦੀ ਰਹੀ ਹੈ ਕਿ ਸਿੰਧ ਦਰਿਆ ਦੇ ਪਾਣੀ ਨੇ ਹਮਲਾਵਰ ਜਰਵਾਣੇ ਪੈਦਾ ਕੀਤੇ, ਜਿਹਲਮ ਦੇ ਪਾਣੀ ਨੇ ਬੀਬੇ ਮਿਹਨਤੀ ਕਿਸਾਨ ਅਤੇ ਕਾਮੇ, ਝਨਾ ਦੇ ਪਾਣੀ ਨੇ ਆਸ਼ਕ ਅਤੇ ਰਾਵੀ ਦੇ ਪਾਣੀ ਨੇ ਲੜਾਕੂ ਅਤੇ ਡਾਕੂ ਪੈਦਾ ਕੀਤੇ। ਬਿਆਸ ਦੇ ਪਾਣੀ ਨੇ ਸੰਤ ਤੇ ਰਿਸ਼ੀ-ਮੁਨੀ ਅਤੇ ਸਤਲੁਜ ਦੇ ਪਾਣੀ ਨੇ ਸ਼ਹੀਦ ਪੈਦਾ ਕੀਤੇ। ਕਿਉਂਕਿ ਹਰ ਥਾਂ ਦੇ ਪਾਣੀ ਦਾ ਆਪਣਾ ਆਪਣਾ ਸੁਆਦ ਹੁੰਦਾ ਹੈ, ਤਾਸੀਰ ਹੁੰਦੀ ਹੈ, ਇਸ ਲਈ ਉਨ੍ਹਾਂ ਵਸਨੀਕਾਂ ਦੇ ਸੁਭਾਅ ਅਤੇ ਬੋਲੀ 'ਚ ਥੋੜ੍ਹਾ ਬਹੁਤਾ ਵਖਰੇਵਾਂ ਹੋਣਾ ਕੁਦਰਤੀ ਗੱਲ ਹੈ। ਸਾਡੀ ਸਾਰੀ ਮਨੁੱਖੀ ਸਭਿਅਤਾ ਦਾ ਆਗਾਜ਼ ਵਿਕਾਸ ਇਨ੍ਹਾਂ ਦਰਿਆਵਾਂ ਦੇ ਆਲੇ-ਦੁਆਲੇ ਤੋਂ ਹੀ ਹੋਇਆ ਹੈ। ਸਾਡੇ ਲੋਕ ਗੀਤਾਂ ਵਿਚ ਜ਼ਿੰਦਗੀ ਦੇ ਹਰ ਪਹਿਲੂ ਨਾਲ ਸਬੰਧਤ ਗੀਤ-ਟੱਪੇ ਆਦਿ ਮੌਜੂਦ ਹਨ। ਸਾਡੀ ਕਲਾਸੀਕਲ ਕਿਰਤ 'ਰਾਮਾਇਣ' ਵਿਚ ਸ੍ਰੀ ਰਾਮ ਜੀ ਦੀ ਕਥਾ ਹੈ ਅਤੇ ਲੋਕਾਂ ਦੀ ਕਥਾ ਨੂੰ ਮੈਂ ਲੋਕਾਇਣ ਕਹਾਂਗਾ। ਇਸ ਵਿਚ ਲੋਕਾਂ ਦੇ ਜੀਵਨ ਦੇ ਸਮੁੱਚੇ ਦੁਖ-ਦਰਦ, ਵਲਵਲੇ, ਉਮੰਗਾਂ, ਸੱਧਰਾਂ ਸਭ ਕੁਝ ਆ ਜਾਂਦਾ ਹੈ। ਸਾਡੀ ਲੋਕ-ਵਿਰਾਸਤ, ਸਾਡੇ ਲੋਕ-ਗੀਤ (Folklore) ਲੋਕ-ਬੋਲੀਆਂ, ਲੋਕ ਗਾਇਨ ਬਹੁਤ ਅਮੀਰ ਹੈ। ਸਾਡੇ ਕੁਝ ਵੱਡੇ ਵਿਦਵਾਨ Folklore ਨੂੰ ਭਾਵੇਂ 'ਲੋਕਯਾਨ' ਕਹਿੰਦੇ ਹਨ ਅਤੇ ਲਿਖਦੇ ਹਨ, ਪਰ ਮੈਂ ਇਕ ਘਾੜੇ ਦੇ ਤੌਰ 'ਤੇ ਇਸ ਨੂੰ 'ਰਾਮਾਇਣ' ਦੇ ਚੌਖਟੇ ਦੀ ਬਣਤਰ (etimological structure) ਦੇ ਆਧਾਰ 'ਤੇ ਠੇਠ ਸ਼ਬਦ 'ਲੋਕਾਇਣ' ਲਿਖਦਾ ਹਾਂ, ਜਿਸ ਦਾ ਦਾਇਰਾ ਬੜਾ ਮੋਕਲਾ ਹੈ। ਅਗਲੇ ਸਫਿਆਂ 'ਚ ਅਸੀਂ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਤੋਂ ਸ਼ੁਰੂ ਹੁੰਦੀ ਵਸੇਬ ਦੀ ਕਹਾਣੀ ਜਿਹੜੀ ਹੌਲੀ-ਹੌਲੀ ਦੂਰ-ਦੁਰਾਡੇ ਤਕ ਫੈਲ ਗਈ, ਉਨ੍ਹਾਂ ਸ਼ਹਿਰਾਂ, ਕਸਬਿਆਂ, ਪਿੰਡਾਂ ਦਾ ਜ਼ਿਕਰ ਕਰਾਂਗੇ।

## ਮਾਝਾ

## ਡਿੱਠੇ ਸਭ ਥਾਵ ਨਹੀਂ ਤੁੱਧ ਜੇਹਿਆ - ਅੰਮ੍ਰਿਤਸਰ

ਦੁਨੀਆਂ ਭਰ ਦਾ ਵਾਹਦ ਸ਼ਹਿਰ, ਸ੍ਰੀ ਅੰਮ੍ਰਿਤਸਰ, ਜਿਸ ਨੂੰ ਸ੍ਰੀ ਗੁਰੂ ਰਾਮ ਦਾਸ ਜੀ ਨੇ ਬੇਹੱਦ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਵਸਾਉਣ ਲੱਗਿਆਂ 52 ਕਿਸਮ ਦੇ ਦਸਤਕਾਰਾਂ ਨੂੰ ਦੂਰ ਦੁਰਾਡਿਓਂ ਸੱਦੇ ਦੇ ਕੇ, ਮੰਗਵਾ ਕੇ ਏਥੇ ਆਬਾਦ ਕੀਤਾ। ਸ਼ਹਿਰ ਦੇ ਉਸਰਈਏ ਗੁਰੂ ਮਹਾਰਾਜ ਅਤੇ ਬਾਬਾ ਬੁੱਢਾ ਜੀ ਆਉਣ ਵਾਲੇ ਹਰ ਆਬਾਦਕਾਰ ਨੂੰ ਆਸ਼ੀਰਵਾਦ ਵੀ ਦਿੰਦੇ, ਨਾਲੇ ਸਵਾ ਰੁਪਏ ਸਮੇਤ ਗੁੜ ਦੀ ਢੇਲੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਮਾਂ ਪਾ ਕੇ ਇਹ ਸਦੀਆਂ ਤੋਂ ਚਲਦੀ ਆ ਰਹੀ ਪੰਜਾਬ ਦੀ ਰਾਜਧਾਨੀ ਸ਼ਹਿਰ ਲਾਹੌਰ ਨੂੰ ਹਰ ਲਿਹਾਜ਼ ਨਾਲ (ਮਰਦਮਸ਼ੁਮਾਰੀ ਪੱਖੋਂ ਅਤੇ ਆਰਥਕ ਪੱਖੋਂ ਵੀ) ਪਿੱਛੇ ਛੱਡ ਕੇ, ਪਹਿਲੇ ਨੰਬਰ 'ਤੇ ਆ ਕੇ, ਉੱਤਰੀ ਭਾਰਤ ਦਾ ਸਰਵੋਤਮ ਸ਼ਹਿਰ ਬਣ ਗਿਆ। ਏਥੇ ਦੇ ਵਸਨੀਕਾਂ ਦੀ ਬਹੁ-ਵਸੋਂ, ਆਪਣਾ ਹਰ ਅਗਲਾ ਦਿਨ, ਹਰ ਸੁਬਹਾ ਹਰ ਕੰਮ ਕਰਨ ਤੋਂ ਪਹਿਲਾਂ, ਇਸ ਪੰਗਤੀ ਦੇ ਆਗਾਜ਼, ਅਰਦਾਸ ਨਾਲ ਕਰਦੀ: ''ਧੰਨ ਗੁਰੂ ਰਾਮਦਾਸ, ਤੇਰੀ ਆਸ!''

ਗੁਰੂ ਮਹਾਰਾਜ ਜੀ ਦੇ ਵਸਾਏ ਵਰੋਸਾਏ ਇਸ ਸ਼ਹਿਰ ਦੀ ਇਹ ਸਿਫ਼ਤ ਹੈ ਕਿ ਜਿਹੜਾ ਵੀ ਇਸ ਧਰਤੀ 'ਤੇ ਆ ਗਿਆ, ਉਹ ਤਰ ਗਿਆ, ਉਸ ਦੇ ਵਾਰੇ-ਨਿਆਰੇ ਹੋ ਗਏ। ਗੁਰਬਾਣੀ ਵਿਹ ਇਸ ਦਾ ਜ਼ਿਕਰ ਇੰਝ ਆਉਂਦਾ ਹੈ:-

''ਲਾਹੌਰ ਸਹਰੁ ਜਹਰੁ ਕਹਰੁ...
ਅੰਮ੍ਰਿਤਸਰ, ਸਿਫਤੀ ਦਾ ਘਰੁ।।''
*(ਸਲੋਕ ਵਾਰਾਂ ਤੇ ਵਧੀਕ ਮ: 3 ਪੰਨਾ 1412)*



ਬੀ.ਬੀ.ਸੀ. ਦੀਆਂ ਸੱਜਰੀਆਂ ਖੋਜਾਂ ਮੁਤਾਬਿਕ ਦੁਨੀਆ ਭਰ ਦੇ ਮਹਾਨ ਤਾਰੀਖਦਾਨਾਂ ਨੇ ਇਸ ਗੱਲ ’ਤੇ ਸਹਿਮਤੀ ਜਤਾਈ ਹੈ ਕਿ ਹੁਣ ਤੱਕ ਮਹਾਰਾਜਾ ਰਣਜੀਤ ਸਿੰਘ ਤੋਂ ਵੱਡਾ ਕੋਈ ਹੋਰ ਹੁਕਮਰਾਨ ਅਤੇ ਸਰਦਾਰ ਹਰੀ ਸਿੰਘ ਨਲਵਾ ਤੋਂ ਵੱਡਾ ਕੋਈ ਹੋਰ ਜਰਨੈਲ ਪੈਦਾ ਨਹੀਂ ਹੋ ਸਕਿਆ। ਪੰਜਾਬੀਆਂ ਲਈ ਇਸ ਤੋਂ ਵੱਡੀ ਮਾਣ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਸਚਾਈ ਦੇ ਬਾਵਜੂਦ, ਹਾਲੇ ਤੱਕ ਵੀ ਕੁਝ ਕੱਚਘਰੜ ਵਿਦਵਾਨ ਸ਼ੇਰਿ-ਪੰਜਾਬ ਦਾ ਨਾਂ ਬੱਦੂ ਕਰੀ ਜਾ ਰਹੇ ਹਨ।

ਸਾਡੇ ਵੱਡੇ ਬਾਬਾ ਸ੍ਰੀ ਗੁਰੂ ਨਾਨਕ ਦੇਵ ਵੀ ਐਨੇ ਨਿਧੜਕ ਦਬੰਗ ਸਨ ਕਿ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਉਹ ‘ਰਾਜੇ ਸ਼ੀਹ ਮੁਕੱਦਮ ਕੁੱਤੇ’ ਵੀ ਕਹਿ ਜਾਂਦੇ ਸਨ। ਹੌਲੀ ਹੌਲੀ ਸਮਾਂ ਬਦਲਿਆ ਤਾਂ ਸਿੱਖ ਰਾਜ ਤੋਂ ਕੁਝ ਸਮਾਂ ਪਹਿਲਾਂ ਜਦਕਿ ਸਿੱਖ ਮਿਸਲਾਂ ਨੇ ਪੰਜਾਬ ਦੇ ਕਈ ਹਿੱਸਿਆਂ ’ਤੇ ਆਪਣਾ ਆਪਣਾ ਕਬਜ਼ਾ ਜਮਾ ਲਿਆ (ਲਾਹੌਰ ’ਤੇ ਹਾਲੇ ਕਬਜ਼ਾ ਨਹੀਂ ਸੀ ਹੋਇਆ) ਤਾਂ ਇਹ ਲੋਕ-ਗਾਥਾ ਬੜੀ ਪ੍ਰਚੱਲਤ ਹੋਈ ਸੀ:-

‘‘ਟਕੇ ਭਰ ਸਿਆਹੀ, ਟਕੇ ਭਰ ਗਾਰਾ
ਬਾਰਾਂ ਹੱਥ ਹਵੇਲੀ ਵਗਲੀ
ਤੇਰਾਂ ਹੱਥ ਚੁਬਾਰਾ।
ਬਾਕੀ ਗਾਰਾ ਰਹਿਣ ਦੇ ਯਾਰਾ।
ਕਲ੍ਹ ਲਾਹੌਰ ਵਗਲ ਲਾਂਗੇ ਸਾਰਾ।’’

ਇਨ੍ਹਾਂ ਸਤਰਾਂ ਵੱਲ ਜ਼ਰਾ ਧਿਆਨ ਦੇਵੋ, ਇਨ੍ਹਾਂ ਵਿੱਚ ਤਾਰੀਖੀ ਅੰਸ਼-ਤੱਥ ਕਿੰਨਾ ਭਾਰੂ ਹੈ। ਕਮਾਲ ਦੀ ਗੱਲ ਹੈ।

ਇਸ ਸ਼ਹਿਰ ਦੀ ਵਿਰਾਸਤ ਐਨੀ ਅਮੀਰ ਹੈ ਕਿ ਇਸ ਨੇ ਹਰ ਖੇਤਰ ਵਿੱਚ ਬੜੀਆਂ ਬੜੀਆਂ ਲਾਸਾਨੀ ਹਸਤੀਆਂ ਨੂੰ ਜਨਮ ਦਿੱਤਾ ਹੈ: ਕੋਈ ਵੀ ਖੇਤਰ ਲੈ ਲਓ- ਭਲਵਾਨੀ, ਸੰਗੀਤ, ਸ਼ਿਲਪਕਾਰੀ, ਇਮਾਰਤਸਾਜ਼ੀ, ਵਿੱਦਿਆ, ਰਾਜਨੀਤੀ, ਦੇਸ਼ਭਗਤੀ ਅਤੇ ਸਾਹਿਤ ਆਦਿ।

ਇਸ ਬਾਰੇ ਕਈ ਕਹਾਵਤਾਂ ਬੜੀਆਂ ਮਸ਼ਹੂਰ ਹਨ। ਜਿਵੇਂ ਕਿ:

ਦੀਵਾਲੀ ਅੰਮ੍ਰਿਤਸਰ ਦੀ, ਦਾਲ਼ ਰੋਟੀ ਘਰ ਦੀ
ਵਿਸਾਖੀ ਘਰ ਘਰ, ਦੀਵਾਲੀ ਅੰਮ੍ਰਿਤਸਰ।
ਦੀਵਾਲੀ ਅੰਮ੍ਰਿਤਸਰ ਦੀ, ਮਾਘੀ ਮੁਕਤਸਰ ਦੀ।
ਰੁਮਾਲੀ (ਕੁਸ਼ਤੀ), ਪਲਾਲੀ, ਦਲਾਲੀ ਅੰਬਰਸਰ ਦੀ।

ਪੰਜਾਬ ਦੇ ਕਬੀਲਿਆਂ ਜਾਤ-ਬਰਾਦਰੀਆਂ ਅਤੇ ਫੋਕਲੋਰ ਬਾਰੇ ਇਕ ਅੰਗਰੇਜ਼ ਐਚ.ਏ. ਰੋਜ ਨੇ ਇਕ ਕਿਤਾਬ ‘‘A Glossary of the Tribes and Castes of the Punjab’’ ਲਿਖੀ ਸੀ, ਜਿਹੜੀ 1883 ਵਿਚ ਛਪੀ ਸੀ। ਉਸ ਵਿਚ ਪੰਜਾਬ ਦੇ ਕੁਝ ਸ਼ਹਿਰਾਂ ਦਾ, ਖਾਸ ਕਰਕੇ ਅੰਮ੍ਰਿਤਸਰ ਦਾ ਵੀ ਜ਼ਿਕਰ ਹੈ। ਇਤਿਹਾਸਕ ਤੌਰ ’ਤੇ ਕਿਉਂਕਿ ਉਸ ਦੀ ਬੜੀ ਮਹੱਤਤਾ ਹੈ, ਇਸ ਲਈ ਉਹਦਾ ਉਤਾਰਾ ਅਸੀਂ ਏਥੇ ਦੇ ਰਹੇ ਹਾਂ।

### ਵਾਰ ਹਰੀ ਸਿੰਘ ਨਲਵਾ, ਅੰਮ੍ਰਿਤਸਰ

ਸੋਹਣਾ ਬਣਿਆ ਅੰਬਰਸਰ, ਸੋਹਣਾ ਬੜਾ ਦਰਬਾਰ
ਸੰਗਮਰਮਰ ਪੱਥ ਲੱਗਿਆ, ਚਾਂਦੀ ਚੜ੍ਹੇ ਕਵਾੜ।
ਕਈ ਲੱਖ ਉਹਨੂੰ ਸੋਨਾ ਲੱਗਿਆ, ਮੋਤੀ ਲੱਖ ਹਜ਼ਾਰ।
ਕੋਈ ਕੋਈ ਹੱਟ-ਬਾਣੀਆ ਵਸਦਾ, ਵਸਦੇ ਸ਼ਾਹੂਕਾਰ।
ਮਹਾਂ ਸਿੰਘ ਦੇ ਘਰ ਰਣਜੀਤ ਸਿੰਘ ਜੰਮਿਆ, ਜੰਮਿਆ ਬੜਾ ਅਵਤਾਰ
ਕਈ ਹਜ਼ਾਰ ਉਸਨੇ ਘੋੜੇ ਰੱਖੇ, ਫ਼ੌਜਾਂ ਲੱਖ ਹਜ਼ਾਰ।
ਵਿੱਚ ਖੈਬਰ ਦੇ ਲੱਗੀ ਲੜਾਈ, ਲਿਸ਼ਕੀ ਹੈ ਤਲਵਾਰ,
ਓਥੇ ਘੱਲਿਓ ਹਰੀ ਸਿੰਘ ਨੂੰ, ਫ਼ੌਜਾਂ ਦਾ ਸਰਦਾਰ।
ਤੇਜਾ ਸਿੰਘ ਦੀ ਫ਼ੌਜ ਦਾ ਸਿੱਖੋ, ਮੈਨੂੰ ਨਹੀਂ ਇਤਬਾਰ।
ਪਹਿਲਾਂ ਡੇਰਾ ਰਾਵੀ ਦੇ ਕੰਢੇ, ਦੂਜਾ ਰਾਵੀ ਦੇ ਪਾਰ,
ਤੀਜਾ ਡੇਰਾ ਪੁਲ ਕੰਜਰੀ ਦੇ, ਚੌਥਾ ਵਜੀਰਾਬਾਦ,
ਚੰਬੇ ਘੋੜੇ ਨੂੰ ਦੇਵੇ ਥਾਪੀਆਂ, ਤੂੰ ਰੱਖ ਸ਼ੌਲਿਆਂ ਦੀ ਲਾਜ,
ਨਿੱਕੀ ਜਿਹੀ ਉੱਠੀ ਬਦਲੀ, ਮੀਂਹ ਬਰਸਾ ਮੋਹਲੇਧਾਰ,
ਛਪੜੀਆਂ ਦਾ ਪਾਣੀ ਪੀ ਕੇ, ਸਿੱਖ ਹੋ ਗਏ ਖਬਰਦਾਰ।
ਚਲੋ ਭਰਾਓ ਮੇਰਿਓ, ਮੈਂ ਰਲਿਆਂ ਤੁਹਾਡੇ ਸਾਥ।
ਓਥੇ ਮਰ ਗਿਆ ਤੇਜਾ ਸਿੰਘ, ਫ਼ੌਜਾਂ ਦਾ ਸਰਦਾਰ।
ਇੱਕ ਜੋ ਉੱਠਾ ਰਣ ਗਿਆ, ਹਰੀ ਸਿੰਘ ਨੂੰ...।
ਦੂਰੋਂ ਲਾਹੌਰੋਂ ਚੱਲਿਆ, ਫਿਰੰਗੀ ਹਾਰ ਕੇ ਮੰਨਾ ਭਾਣਾ।
ਮਜਲੀ ਮਜਲੀ ਆਣ ਕੇ, ਓਥੇ ਮੱਲਿਆ ਲੁਧਿਆਣਾ।
ਦਰ ਦਰ ਉਸਦੀ ਚੌਕੀ ਬਹਾਈ, ਸ਼ਹਿਰੀਂ ਬਹਾਇਆ ਠਾਣਾ,
ਸਿੱਖਾਂ ਨੂੰ, ਅੰਗਰੇਜ਼ਾਂ ਨੇ ਮਾਰ ਲਿਆ, ਹੋਇਆ ਰੱਬ ਦਾ ਭਾਣਾ।
ਦੂਰੋਂ ਲਾਹੌਰੋਂ ਆਇਆ ਫਿਰੰਗੀ, ਸਿਰ ਪਰ ਰੱਖ ਕਰ ਟੋਪੀ,
ਬੜੇ ਰਾਜਨ ਸੇ ਸੜਕ ਪੁਟਾਈ, ਹੱਥ ਵਿੱਚ ਪਕੜ ਕੇ ਸੋਟੀ।
ਸੜਕ ਤੇਰੀ ਸੋਹੀ ਪੁੱਟਾਂਗੇ, ਜਿਨ੍ਹਾਂ ਦੀ ਕਿਸਮਤ ਖੋਟੀ,
ਭਾਣਾ ਸਿੱਖਾ ਦੇ ਉੱਤੇ ਵਰਤਿਆ, ਕੋਈ ਨਾ ਚੱਲਿਆ ਸਾਥੀ।

‘*A Glossary of the Tribes and Castes of the Punjab and North West Frontier Province-V.1*



ਖ਼ੂਬਸੂਰਤ ਸ਼ਹਿਰ ਅੰਬਰਸਰ ਦੀ ਇਕ ਪੁਰਾਤਨ ਝਲਕੀ- ਰਾਮਬਾਗ, ਜਿਹਦੀ ਉਸਾਰੀ ਸ਼ੇਰਿ-ਪੰਜਾਬ ਵਲੋਂ ਕਰਵਾਈ ਗਈ ਸੀ। ਇਹ ਤਸਵੀਰ 1870 ਈ. ਦੇ ਨੇੜੇ ਦੀ ਹੈ। ਕਿਸੇ ਅੰਗਰੇਜ਼ ਫ਼ੋਟੋਗ੍ਰਾਫ਼ਰ ਵਲੋਂ ਖਿਚੀ ਗਈ ਸੀ, ਜਿਹੜੀ ਹੁਣ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਸੁਰੱਖਿਅਤ ਹੈ।

*(Based on the census report for the Punjab, 1883 by Late Sir Denzil Ibbetson K.C.S.I. and commpiled by H.A. Rose. First pub. 1883-then in 1970 by the Language Deptt. Patiala, p. 720-721)'*

ਭਾਈ ਰਤਨ ਸਿੰਘ ਭੰਗੂ ਦੇ 'ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇੰਞ ਹੈ:-

ਮੁਲਕ ਲੁੱਟ, ਅੰਮ੍ਰਿਤਸਰ ਆਵੇ,<br>
ਦਿਵਾਲੀ ਵਿਸਾਖੀ ਮੇਲਾ ਲਾਵੈ।<br>
ਬੈਠ ਹਰਿਮੰਦਰ ਸੁਣੇ ਸੁ ਗਾਇਨ,<br>
ਗੁਰੂ ਬਚਨ ਪਰ ਲਾਵੇ ਧਯਾਨ।

ਇਸ ਸ਼ਹਿਰ ਦੇ ਸੌਂਦਰਯ ਦਾ ਵਰਨਣ ਸਾਨੂੰ ਪੰਜਾਬ ਦੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਜੀ ਦੀ ਸ਼ਾਇਰੀ ਵਿੱਚ ਵੀ ਮਿਲਦਾ ਹੈ। ਦੇਖੋ ਉਹ ਇਸ ਦੇ ਵੱਡੇ ਹਾਲ ਬਾਜ਼ਾਰ (ਹਾਲ ਗੇਟ ਦੀ ਉਸਾਰੀ 1873-74 'ਚ ਹੋਈ ਸੀ) ਦੀ ਰੌਣਕ ਨੂੰ ਦਰਸਾਉਂਦਿਆਂ ਆਪਣੇ ਹੀ ਰੰਗ ਵਿੱਚ ਕੀ ਕੁਝ ਬਿਆਨ ਕਰ ਜਾਂਦੇ ਹਨ:-

ਹਾਲ ਬਾਜ਼ਾਰ ਅੰਮ੍ਰਿਤਸਰ<br>
ਆਦਮੀਆਂ ਦੇ ਇਕੱਠ ਵਿੱਚ ਇਕ ਖ਼ੁਸ਼ੀ<br>
ਇਕੱਠ ਵਿੱਚ ਇਕ ਜਿੰਦ ਜਿਹੀ ਦਿਸਦੀ।<br>
ਆਦਮੀਆਂ ਦਾ ਦੌੜਦਾ ਹੜ੍ਹ ਜਿਹਾ ਵਗਦਾ ਬਾਜ਼ਾਰ ਵਿਚ<br>
ਰੰਗਾਂ ਦਾ ਜਲਵਾ ਪਿਆ ਆਵੰਦਾ।<br>
ਚਿਹਰਿਆਂ, ਸਿਰਾਂ, ਹੱਥਾਂ, ਪੈਰਾਂ, ਲੱਤਾਂ ਦਾ ਇਕ ਝੁਰਮਟ ਪਿਆ ਪੈਂਦਾ।<br>
ਛਾਬੜੀਆਂ ਵਾਲੇ ਕਹਿੰਦੇ ਹਨ<br>
ਲਾ ਦਿੱਤੇ, ਲਾ ਦਿੱਤੇ ਪੈਸੇ ਦੇ ਸੇਰ<br>
ਧੇਲੇ ਦੇ ਘੇਰ, ਲਾ ਦਿੱਤੇ ਆਨੇ ਸੇਰ<br>
ਪੈਸੇ ਦੇ ਸੇਰ<br>
ਕਾਬਲ ਦੇ ਸਰਧੇ<br>
ਚਰ ਚਰ ਧਰਦੇ<br>
ਬਰਫ ਦੀਆਂ ਡਲੀਆਂ<br>
ਆ ਗਿਆ ਜੇ ਕਾਬਲ ਤੇ ਕੰਧਾਰ<br>
ਪੈਰਾਂ ਭਾਰ ਚਲ ਕੇ ਅੰਮ੍ਰਿਤਸਰ ਵਿਚ।

(ਖੁਲ੍ਹੇ ਮੈਦਾਨ, ਸਫ਼ਾ 173)

ਏਥੇ ਦੀਆਂ ਕੁਝ ਇਮਾਰਤਾਂ ਜਿਵੇਂ ਕਿ ਖਾਲਸਾ ਕਾਲਜ ਦਾ ਕੀ ਮੁਕਾਬਲਾ। ਕਦੇ ਇਹ ਗੱਲ ਕਹੀ ਜਾਂਦੀ ਸੀ ਕਿ ਪੰਜਾਬ ਦੇ ਸਾਰੇ ਕਾਲਜਾਂ ਨਾਲੋਂ ਤਾਂ ਇਹਦੇ ਹੋਸਟਲ ਹੀ ਵੱਡੇ ਹਨ। ਆਪਣੇ ਜਾਹੋ-ਜਲਾਲ ਸਦਕਾ ਇਹ ਸਾਰੇ ਹਿੰਦੂਸਤਾਨ ਵਿਚ ਪ੍ਰਸਿੱਧ ਸੀ, ਏਸੇ ਕਰਕੇ ਹੀ ਧਨੀ ਰਾਮ ਚਾਤ੍ਰਿਕ ਜੀ ਨੇ ਕਦੇ ਇੰਞ ਲਿਖਿਆ ਸੀ:

ਖਾਲਸਾ ਕਾਲਜ ਨਮੂਨਾ ਸ਼ਾਨ ਦਾ,<br>
ਕਾਲਜਾਂ ਦਾ ਨੱਕ ਹਿੰਦੁਸਤਾਨ ਦਾ!



**ਅੰਮ੍ਰਿਤਸਰ ਦੀਆਂ ਜਾਈਆਂ- ਜੀ ਆਇਆਂ ਨੂੰ।** ਤਸਵੀਰ ਵਿਚ ਸ਼ਹਿਰ ਦੀਆਂ ਤਿੰਨ ਪ੍ਰਸਿੱਧ ਬਾਈਆਂ ਮੁਖਤਾਰ ਬੇਗਮ ਉਰਫ਼ ਦਾਰੀ, ਨਸੀਮ ਬੇਗਮ ਅਤੇ ਉਹਦੀ ਮਾਂ ਮਾਈ ਬੁੱਧਾਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨੇ ਸ਼ਹਿਰ ਦੀ ਸਭਿਆਚਾਰਕ ਜ਼ਿੰਦਗੀ 'ਤੇ ਤਿੰਨ-ਚਾਰ ਦਹਾਕੇ ਰਾਜ ਕੀਤਾ। ਢਲੀ ਜਵਾਨੀ ਦੇ ਬਾਵਜੂਦ ਉਨ੍ਹਾਂ ਦਾ ਹੁਸਨ ਬਰਕਰਾਰ ਹੈ।

ਚਾਤ੍ਰਿਕ ਜੀ ਦੇ ਪਿੱਛੋਂ, ਉਨ੍ਹਾਂ ਦੇ ਭਾਣਜੇ ਬਲਦੇਵ ਚੰਦਰ ਬਕੇਲ ਨੇ ਵੀ ਇਸ ਸ਼ਹਿਰ ਦੀ ਮਹਿਮਾ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟਾਈ ਸੀ:-

ਏਥੇ ਤਪਦੀਆਂ ਆਂਦਰਾਂ ਠਰਦੀਆਂ ਨੇ,
ਏਥੇ ਟੱਡੀਆਂ ਝੋਲੀਆਂ ਭਰਦੀਆਂ ਨੇ।
ਅੰਮ੍ਰਿਤਸਰ ਉਹ ਸਰ ਹੈ ਸੱਚ ਸਮਝੋ,
ਜਿੱਥੇ ਸਾਰੀਆਂ ਸੱਧਰਾਂ ਸਰਦੀਆਂ ਨੇ।

ਗੁਰੂ ਮਹਾਰਾਜ ਜੀ ਦੇ ਇਸ ਮਹਾਂਨਗਰ ਦੀ ਮਹਿਮਾ ਬਾਰੇ ਸਾਨੂੰ ਕੁਝ ਰੀਕਾਰਡ ਸੁਣਨ ਨੂੰ ਮਿਲ ਜਾਂਦੇ ਹਨ, ਜਿਵੇਂ ਕਿ

ਕਰਾਂ ਕੀ ਸਿਫਤ, ਸਿੱਖੀ ਦੇ ਘਰ ਦੀ।
ਧੰਨ ਧਰਤੀ ਹੈ, ਅੰਬਰਸਰ ਦੀ।
ਧੰਨ ਧੰਨ ਧਰਤੀ ਹੈ ਅੰਬਰਸਰ ਦੀ,
ਵੱਡੇ ਵੱਡੇ ਦੁਖੀਆਂ ਦੇ ਦੁਖ ਹਰਦੀ।
(ਕਰਮਜੀਤ ਸਿੰਘ ਧੂਰੀ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਵਿੱਚ ਇਕ ਵਾਰ ਇਕ ਅਜਿਹੀ ਘਟਨਾ ਘਟੀ ਕਿ ਉਨ੍ਹਾਂ ਨੇ ਏਥੋਂ ਦੀਆਂ ਮਾਈਆਂ ਨੂੰ 'ਮਾਈਆਂ ਰੱਜ ਰਜਾਈਆਂ' ਦਾ ਵਰ ਦਿੱਤਾ ਸੀ। ਮੇਰੇ ਪੀਰੋ ਮੁਰਸ਼ਦ ਵੀਹਵੀਂ ਸਦੀ ਦੇ ਸਿਰਮੌਰ ਸ਼ਾਇਰ ਪ੍ਰੋ. ਮੋਹਨ ਸਿੰਘ ਜੀ ਸਾਹਿਬ ਨੇ ਲਾਹੌਰਨਾਂ ਦੀ ਤਾਰੀਫ਼ ਵਿਚ ਕਦੇ ਇੰਝ ਲਿਖਿਆ ਸੀ:

ਸੱਕ ਮਲਦੀਆਂ ਰਾਵੀ ਦੇ ਪੱਤਣਾਂ 'ਤੇ,
ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ।

ਇਮਾਮ ਦੀਨ ਗੁਜਰਾਤੀ (1870-1954), ਜਿਹੜਾ ਸਾਰੀ ਉਮਰ ਇਹ ਭਰਮ ਪਾਲਦਾ ਰਿਹਾ ਕਿ ਉਹ ਡਾ. ਇਕਬਾਲ ਤੋਂ ਕਿਸੇ ਤਰ੍ਹਾਂ ਘੱਟ ਸ਼ਾਇਰ ਨਹੀਂ ਹੈ, ਪੰਜਾਬ ਦੀਆਂ ਰੰਨਾਂ ਬਾਰੇ ਚਿਤਰਨ ਕਰਦਿਆਂ ਭਾਵੇਂ ਕਿ ਕਲਾਨੌਰ, ਬਟਾਲਾ, ਕਸੂਰ, ਸਿਆਲਕੋਟ ਅਤੇ ਗੁੱਜਰਾਂਵਾਲਾ ਦੀਆਂ ਤ੍ਰੀਮਤਾਂ ਦੀ ਕਾਫ਼ੀ ਤਾਰੀਫ਼ ਕਰਦਾ ਹੈ, ਪਰ ਸਭਨਾਂ ਵਿਚੋਂ ਪਹਿਲਾ ਸਥਾਨ ਉਹ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਰੰਨਾਂ ਨੂੰ ਹੀ ਦਿੰਦਾ ਹੈ:

ਕਲਾਨੌਰ, ਬਟਾਲੇ ਦੀ ਰੰਨ ਰੇਸ਼ਮ
ਅਤੇ ਬਾਫਤਾ (ਰੇਸ਼ਮੀ ਝਿੱਲ ਮਿੱਲ ਵਾਲੀ) ਰੰਨ ਕਸੂਰ ਦੀ ਏ।
ਅੰਮ੍ਰਿਤਸਰ ਤੇ ਲਾਹੌਰ ਦੀ ਰੰਨ ਜੱਟੀ
ਜਿਵੇਂ ਚੰਨ ਤੇ ਰੌਸ਼ਨੀ ਨੂਰ ਦੀ ਏ।
ਸਿਆਲਕੋਟ ਦੀ ਰੰਨ ਬਦੀਦ (ਬੁਰੀ, ਭੈੜੀ) ਚਾਤਰ,
ਨਾਲੇ ਖਾਈ ਜਾਵੇ, ਨਾਲੇ ਘੂਰਦੀ ਏ।
ਗੁੱਜਰਾਂਵਾਲੇ ਦੀ ਰੰਨ ਇਮਾਮ ਦੀਨਾ,
ਜੁੱਸਾ ਨਰਮ ਦੇ ਮਿਸਲ ਅੰਗੂਰ ਦੀ ਏ!

(ਜਿਸ ਨਹੀਂ ਦੇਖਿਆ ਲਾਹੌਰ ਉਹ ਵੇਖੇ ਕਲਾਨੌਰ, ਪੁਰਾਣੀ ਕਹਾਵਤ ਹੈ)। ਇਮਾਮ ਦੀਨ ਦੇ ਸ਼ਿਅਰਾਂ ਵਿਚ ਬਿਆਨਿਆ ਗਿਆ ਕਲਾਨੌਰ-ਜ਼ਿਲ੍ਹਾ ਗੁਰਦਾਸਪੁਰ ਦਾ ਇਕ ਬੜਾ ਪੁਰਾਣਾ ਕਸਬਾ ਹੈ, ਜਿੱਥੇ ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਹੋਈ ਸੀ। ਜਿਹੜੇ ਤਖ਼ਤ 'ਤੇ ਬਿਠਾ ਕੇ ਇਹ ਰਸਮ ਅਦਾ ਕੀਤੀ ਗਈ ਸੀ, ਉਹ ਹਾਲੇ ਵੀ ਓਥੇ ਦੇਖਿਆ ਜਾ ਸਕਦਾ ਹੈ।)

ਖ਼ੈਰ, ਅੰਬਰਸਰ ਦੀਆਂ ਸੁਅੰਗਣੀਆਂ ਹੂਰਾਂ ਦੀ ਗੱਲ ਕਰ ਰਹੇ ਸਾਂ। ਗਹੁ ਨਾਲ ਤੁਸੀਂ ਜ਼ਰਾ ਅੰਮ੍ਰਿਤਸਰ ਦੀਆਂ ਪਰੀਆਂ ਨੂੰ ਤਾਂ ਦੇਖੋ। ਉਨ੍ਹਾਂ ਦਾ ਜਾਹੋ-ਜਲਾਲ, ਰੰਗ ਰੂਪ ਆਪਣੀ ਕਿਸਮ ਦਾ ਹੀ ਹੁੰਦਾ ਹੈ। ਮਾਝੇ ਦੀਆਂ ਇਨ੍ਹਾਂ ਜੱਟੀਆਂ ਨੂੰ ਆਪਣੇ ਆਪ 'ਤੇ ਪੂਰਾ ਨਾਜ਼ ਹੈ, ਏਸੇ ਲਈ ਤਾਂ ਉਹ ਗਾਉਂਦੀਆਂ ਹਨ, ''ਮੈਂ ਮਾਝੇ ਦੀ ਜੱਟੀ, ਗੁਲਾਬੂ ਨਿੱਕਾ ਜਿਹਾ।'' ਉਹ ਚਰਿੱਤਰ ਦੀਆਂ ਵੀ ਪੁਖ਼ਤਾ ਹੁੰਦੀਆਂ ਹਨ। ਇਸ ਗੱਲ ਦੀ ਪੁਸ਼ਟੀ 'ਲੋਕਾਇਣ' ਵਿਚੋਂ ਇੰਝ ਮਿਲਦੀ ਹੈ:

ਅੰਮ੍ਰਿਤਸਰ ਦੀਆਂ ਕੁੜੀਆਂ ਚੰਗੀਆਂ,
ਸੋਹਣੀਆਂ ਤੇ ਮੁਟਿਆਰਾਂ।
ਮਾੜੇ ਮੁੰਡੇ ਨਾਲ ਗੱਲ ਨਾ ਕਰਦੀਆਂ।
ਚੰਗੇ ਨਾਲ ਵਿਚਾਰਾਂ।
*ਦਲੀਪ ਸਿੰਘ ਦੀਪ ਤੇ ਬਲਵੀਰ ਸੁਰੱਈਆ*
*(ਗਿੱਲ ਰੀਕਾਰਡ ਮਿਊਜ਼ਿਕ)*

ਏਥੋਂ ਦੀਆਂ ਜੇਕਰ ਕੁੜੀਆਂ ਚੰਗੀਆਂ ਹਨ ਤਾਂ ਮੁੰਡੇ ਕਿਹੜਾ ਘੱਟ ਹਨ?

ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ!

ਸਮਾਂ ਬੜਾ ਬਲਵਾਨ ਹੈ। ਇਹ ਹਮੇਸ਼ਾ ਬਦਲਦਾ ਰਹਿੰਦਾ ਹੈ। ਇਸ ਦੇ ਬਦਲਣ ਨਾਲ ਬੜਾ ਕੁਝ ਬਦਲ ਜਾਂਦਾ ਹੈ। ਕੋਈ ਸਮਾਂ ਸੀ ਜਦੋਂ ਇਸ ਜ਼ਿਲ੍ਹੇ ਦਾ ਸ਼ਹਿਰ ਪੱਟੀ ਵੀ ਬੜੀ ਮਹੱਤਤਾ ਰੱਖਦਾ ਸੀ। ਏਸੇ ਲਈ ਤਾਂ ਕਦੇ ਇਹ ਕਹਾਵਤ ਮਸ਼ਹੂਰ ਸੀ:

ਐਧਰ ਬੁਰਜ ਲਾਹੌਰ ਦਾ, ਉਧਰ ਸ਼ਹਿਰ ਕਸੂਰ
ਦੋਹਾਂ ਦੇਸ਼ਾਂ ਦੀ ਮਾਂਗ ਦਾ ਪੱਟੀ ਸ਼ਹਿਰ ਸੰਧੂਰ!

## ਲਾਹੌਰ

'ਜੀਹਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ।'

'ਖਾਈਏ ਕਣਕ ਭਾਵੇਂ ਭੁੱਗੀ ਹੋਵੇ,
ਰਹੀਏ ਲਾਹੌਰ ਭਾਵੇਂ ਝੁੱਗੀ ਹੋਵੇ।' - ਪੁਰਾਤਨ ਅਖਾਣ

ਇਹ ਪੁਰਾਣਾ ਸ਼ਹਿਰ ਸਾਂਝੇ ਪੰਜਾਬ ਦੀ ਰਾਜਧਾਨੀ ਹੋਣ ਕਾਰਨ ਬੇਹੱਦ ਮਸ਼ਹੂਰ ਰਿਹਾ ਹੈ। ਇਹਦੀ ਰਹਿਤਲ ਵੀ ਬੜੀ ਰੰਗੀਨੀ ਰਹੀ ਹੈ। ਇਸ ਬਾਰੇ ਸਾਨੂੰ ਕਿੰਨੇ ਸਾਰੇ ਅਖਾਣ ਮਿਲ ਜਾਂਦੇ ਹਨ, ਜਿਹੜੇ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹਨ। ਇਸ ਦੀ ਤਾਰੀਖ ਅਤੇ ਵਸੇਬ ਬਾਰੇ ਕਈ ਲਿਖਾਰੀਆਂ ਨੇ ਕਿਤਾਬਾਂ ਲਿਖੀਆਂ ਹਨ, ਗੀਤ ਲਿਖੇ ਹਨ ਅਤੇ ਕਈਆਂ ਨੇ ਇਹਦੇ ਸੁਹੱਪਣ ਨੂੰ ਰੱਜ-ਰੱਜ ਕੇ ਗਾਇਆ ਹੈ। ਇਸ ਦੀ ਧਮਕ ਸਤ ਸਮੁੰਦਰੋਂ ਪਾਰ ਵੀ ਗੂੰਜਦੀ ਸੀ, ਜਿਸ ਕਾਰਨ ਬਾਹਰੋਂ ਵੀ ਕਈ ਸੈਲਾਨੀ ਆ ਕੇ ਇਹਦੀ ਸਜ ਧਜ ਨੂੰ ਨਿਹਾਰਦੇ ਰਹੇ। ਹੋਰ ਤਾਂ ਹੋਰ ਇੰਗਲੈਂਡ ਬੈਠਾ ਅੰਗਰੇਜ਼ੀ ਦਾ ਪ੍ਰਸਿੱਧ ਕਵੀ ਜੌਹਨ ਮਿਲਟਨ, ਜਿਹੜਾ ਕਿ ਅੱਖਾਂ ਤੋਂ ਬਿਲਕੁਲ ਅੰਨ੍ਹਾ, ਨਿਰਜੋਤ, ਮਨਾਖਾ ਹੈ, ਉਹ ਵੀ ਇਸ ਸ਼ਹਿਰ ਨੂੰ ਦੁਨੀਆਂ ਭਰ ਦੇ ਵੱਡੇ ਸ਼ਹਿਰਾਂ 'ਚੋਂ ਇਕ ਉੱਚਾ ਸਥਾਨ ਦਿੰਦਾ ਹੈ, ਏਸੇ ਲਈ ਤਾਂ ਉਹ ਆਪਣੀ ਕਲਾਸੀਕਲ ਕਿਰਤ 'ਪੈਰਾਡਾਈਜ਼ ਲੌਸਟ' ਵਿਚ ਇੰਝ ਲਿਖਦਾ ਹੈ:

Lahore: Cities of old or modern fame,
The seat of mmightiest empires.
*(Paradise Lost Booi XI, 1, 337-341)*

ਪਤਾ ਨਹੀਂ ਤੁਸੀਂ ਇਸ ਨੂੰ ਮਿਲਟਨ ਦੀ ਦਿੱਭ-ਦ੍ਰਿਸ਼ਟੀ ਕਹੋਗੇ, ਅਨੁਭਵ ਜਾਂ ਤੀਜੀ ਅੱਖ ਦੀ ਨੀਝ-ਨਜ਼ਰ; ਹੈਰਤ ਅਤੇ ਕਮਾਲ ਦੀ ਗੱਲ ਹੈ। ਅੰਗਰੇਜ਼ੀ ਦੀ ਇਕ ਪੁਰਾਣੀ ਕਹਾਵਤ ਹੈ 'Eyes, but no eyes!' ਭਾਵ ਕਿ ਰੱਬ ਨੇ ਕਈਆਂ ਨੂੰ ਅੱਖੀਆਂ ਦਿੱਤੀਆਂ ਹੁੰਦੀਆਂ ਹਨ, ਪਰ ਉਹ ਦੇਖ ਨਹੀਂ ਸਕਦੇ। ਜੋਤ-ਹੀਣ ਮਿਲਟਨ ਲਾਹੌਰ ਦੀ ਖ਼ੁਸ਼ਹਾਲੀ ਦਾ ਸੇਹਰਾ, ਏਥੇ ਦੀਆਂ ਵੱਡੀਆਂ-ਵੱਡੀਆਂ ਦਿੱਗਜ, ਦਬੰਗ, ਸ਼ਕਤੀਸ਼ਾਲੀ ਸਲਤਨਤਾਂ ਦੇ ਸਿਰ ਬੰਨ੍ਹਦਾ ਹੈ। ਲਾਹੌਰ ਬਾਰੇ ਕੁਝ ਏਹੋ ਜਿਹਾ ਰਲਦਾ-ਮਿਲਦਾ ਅਨੁਭਵ ਤੁਸੀਂ ਔਰੰਗਜ਼ੇਬ ਆਲਮਗੀਰ ਦੇ ਭਰਾ ਦਾਰਾ ਸ਼ਿਕੋਹ ਦੇ ਇਕ ਫਾਰਸੀ ਸ਼ਿਅਰ ਤੋਂ ਪੜ੍ਹ ਸਕਦੇ ਹੋ:

ਖ਼ੁਦਾ ਪੰਜਾਬ ਰਾ (ਦਾ) ਮਾਮੂਰ ਦਾਰੁਦ (ਦਾਰੂ)
ਬਾ ਖਾਕ ਔਲੀਆ ਮਨਜ਼ੂਰ ਦਾਰੁਦ।
ਬੂਦ (ਵਜੂਦ, ਹਸਤੀ) ਆਬਾਦ ਦਾਇਕ (ਕਾਇਮ) ਲਾਹੌਰ
ਵਬਾ (ਬਲਾ, ਆਫਤ) ਵਾ ਕਹਿਤ (ਕਾਲ) ਸ਼ੰਜਾ ਦੂਰ ਦਾਰਦ।

ਪੰਜਾਬ, ਜਿਹੜਾ ਪੀਰਾਂ ਫਕੀਰਾਂ ਦੀ ਧਰਤੀ ਹੈ- ਇਸ 'ਤੇ ਰੱਬ ਦੀ ਰਹਿਮਤ ਹੈ। ਜਿਸ ਕਰ ਕੇ ਇਹ ਖ਼ੁਸ਼ਹਾਲੀ ਨਾਲ ਲਬਰੇਜ਼ ਹੈ। ਇਸ ਦੀ ਹਸਤੀ ਕਾਇਮ-ਦਾਇਮ ਹੈ ਅਤੇ ਇਹ ਕਿਸੇ ਤਰ੍ਹਾਂ ਦੀ ਆਫ਼ਤ, ਕਾਲ ਜਾਂ ਮੁਸੀਬਤ ਆਦਿ ਤੋਂ ਮੁਕਤ ਹੈ।

ਇਹ ਤਾਂ ਵੱਡੇ ਸ਼ਾਇਰਾਂ ਦੀਆਂ ਗੱਲਾਂ ਹਨ, ਪਰ ਇਕ ਲੋਕ ਕਵੀ ਸਿਰਫ਼ ਲਾਹੌਰ ਨਹੀਂ, ਬਲਕਿ ਨਾਲ ਲਗਦੇ ਤਿੰਨ ਹੋਰ ਸ਼ਹਿਰਾਂ ਨੂੰ ਵੀ ਦੇਖੋ ਕਿੰਨੀ ਖ਼ੂਬਸੂਰਤੀ ਨਾਲ ਵਿਚੇ ਲਪੇਟ ਜਾਂਦਾ ਹੈ:



**ਹੁਸਨ ਦੀ ਦੇਵੀ - ਨਜ਼ਰੀਨ ਸੁਨਿਆਰੀ -** ਪ੍ਰਸਿੱਧ ਗਾਇਕਾ ਅਨਵਰੀ ਬਾਈ ਅੰਮ੍ਰਿਤਸਰ ਵਾਲੀ ਦੀ ਮਾਂ।

ਲਾਹੌਰ ਸ਼ਹਿਰ ਦੀਵਾਨਾਂ ਦਾ, ਗੁਜਰਾਂਵਾਲਾ ਭਲਵਾਨਾਂ ਦਾ।
ਵਜ਼ੀਰਾਬਾਦ ਸ਼ੈਤਾਨਾਂ ਦਾ, ਗੁਜਰਾਤ ਬਈਮਾਨਾਂ ਦਾ।

ਪਾਕਿਸਤਾਨ ਦਾ ਇੱਕ ਪ੍ਰਸਿੱਧ ਲਿਖਾਰੀ ਏ ਹਮੀਦ, ਜਿਹੜਾ ਕਿ ਅੰਮ੍ਰਿਤਸਰ ਦਾ ਜੰਮਪਲ ਸੀ, 1947 ਵਿਚ ਲਾਹੌਰ ਜਾ ਵਸਿਆ ਸੀ। ਭਾਵੇਂ ਕਿ ਉਹ ਲਾਹੌਰ ਦਾ ਬੜਾ ਪ੍ਰੇਮੀ ਹੈ, ਪਰ ਉਹ ਆਪਣੇ ਜੱਦੀ ਸ਼ਹਿਰ ਅੰਮ੍ਰਿਤਸਰ ਨੂੰ ਵੀ ਕਦੇ ਨਹੀਂ ਭੁੱਲਦਾ। ਪੈਰ-ਪੈਰ 'ਤੇ ਉਹ ਆਪਣੀ ਜੰਮਣ-ਭੋਇੰ ਨੂੰ ਯਾਦ ਕਰਦਾ ਹੈ। ਇਕ ਥਾਂ ਉਹ ਲਿਖਦਾ ਹੈ, ''ਉਸ ਜ਼ਮਾਨੇ ਮੇਂ ਭੀ ਲਾਹੌਰ ਕੇ ਪਾਨੀ ਕੋ ਹਮ ਖਾਰਾ ਕਹਾ ਕਰਤੇ ਥੇ, ਅੰਮ੍ਰਿਤਸਰ ਕਾ ਪਾਣੀ ਮੀਠਾ ਹੋਤਾ ਥਾ।'' (ਏ. ਹਨੀਫ਼, ਦੇਖੋ ਸ਼ਹਿਰ ਲਾਹੌਰ - 2008, ਸਫ਼ਾ 184)

ਪਰ ਲਾਹੌਰ ਦੇ ਬੂਹੇ-ਬਾਰੀਆਂ ਅਤੇ ਕਿਹੜੀਆਂ ਖੂਹੀਆਂ ਦਾ ਪਾਣੀ ਮਿੱਠਾ ਜਾਂ ਖਾਰਾ ਹੈ, ਜਦੋਂ ਇਹ ਗੱਲ ਪੁੱਛੀ ਜਾਂਦੀ ਹੈ ਤਾਂ ਆਪਣੇ ਇਕ ਗਾਣੇ 'ਚ ਲਾਹੌਰ ਦੀ ਗਾਉਣ ਵਾਲੀ ਹਦੀਕਾ ਕਿਆਨੀ ਦਾ ਅੱਗੋਂ ਇਹ ਜਵਾਬ ਹੁੰਦਾ ਹੈ:-

ਗੱਲ ਦੱਸਾਂ ਮੈਂ ਸ਼ਹਿਰ ਲਾਹੌਰ ਅੰਦਰ,
ਲੱਖਾਂ ਬੂਹੇ ਤੇ ਲੱਖਾਂ ਹੀ ਬਾਰੀਆਂ ਨੇ।
ਜਿਨ੍ਹਾਂ ਖੂਹੀਆਂ 'ਤੇ ਭਰ ਗਏ ਮਸ਼ੂਕ ਪਾਣੀ,



ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ- ਕੋਠੇ ਜਿੱਡੀ ਰੰਨ ਗੌਹਰ ਸੁਲਤਾਨ ਉਹਦੀ ਮਾਂ ਪੁਤਲੀ ਬਾਈ ਭਾਵੇਂ ਅੰਮ੍ਰਿਤਸਰ ਦੀ ਸੀ, ਪਰ ਇਸ ਦਾ ਜਨਮ ਲਾਹੌਰ ਵਿਚ ਹੋਇਆ। ਪ੍ਰਸਿੱਧ ਰਣਜੀਤ ਫਿਲਮ ਕੰਪਨੀ ਦੀ ਮਾਲਕਣ, ਮੂਕ ਫ਼ਿਲਮਾਂ 'ਚ ਕੰਮ ਕਰਨ ਵਾਲੀ ਉਹ ਪਹਿਲੀ ਐਕਟਰੈਸ ਸੀ ਜਿਹੜੀ 'Gohar- The Glorious' ਕਰ ਕੇ ਕਾਫ਼ੀ ਪ੍ਰਸਿੱਧ ਸੀ।

ਓਹੀ ਮਿੱਠੀਆਂ ਤੇ ਬਾਕੀ ਖਾਰੀਆਂ ਨੇ।

ਬੜਾ ਸਮਾਂ ਹੋਇਆ ਪਾਕਿਸਤਾਨ 'ਚ ਇਕ ਫਿਲਮ ਬਣੀ ਸੀ 'ਗੁੱਡੀ ਗੱਡਾ', ਜਿਸ ਵਿਚਲਾ ਲਾਹੌਰ ਬਾਰੇ ਇਹ ਗਾਣਾ ਬੜਾ ਮਕਬੂਲ ਹੋਇਆ ਸੀ:-

''ਨਹੀਂ ਰੀਸਾਂ ਸ਼ਹਿਰ ਲਾਹੌਰ ਦੀਆਂ,
ਸੁਣ ਗੱਲਾਂ ਸੱਜਣਾ ਗੌਰ ਦੀਆਂ।
ਇਹ ਦਾਤਾ ਸਾਹਿਬ ਦੀ ਨਗਰੀ ਏ,
ਇਹ ਪਹਿਲਾਂ ਵਾਂਗੂ ਸੱਜਰੀ ਏ।
ਏਥੇ ਵਿਗੜੀਆਂ ਗੱਲਾਂ ਸੌਰਦੀਆਂ।
ਏਥੇ ਸਰ ਇਕਬਾਲ ਦਾ ਸਾਇਆ ਏ,
ਜਿਹਨੇ ਪਾਕਿਸਤਾਨ ਸੁਝਾਇਆ ਏ।
ਇਹ ਕੰਧਾਂ ਕਹਿਣ ਪਿਸ਼ੌਰ ਦੀਆਂ,
ਨਹੀਂ ਰੀਸਾਂ ਸ਼ਹਿਰ ਲਾਹੌਰ ਦੀਆਂ।''

ਆਪਣੇ ਸ਼ਹਿਰ ਬਾਰੇ ਪ੍ਰਸਿੱਧ ਸ਼ਾਇਰ ਉਸਤਾਦ ਦਾਮਨ, ਜਿਨ੍ਹਾਂ ਦਾ 1947 ਵਾਲੀ ਦੇਸ਼ ਦੀ ਵੰਡ ਬਾਰੇ ਸ਼ਿਅਰ, ''ਤੁਹਾਡੀ ਅੱਖੀਆਂ ਦੀ ਲਾਲੀ ਪਈ ਦੱਸਦੀ ਏ, ਰੋਏ ਤੁਸੀਂ ਵੀ ਸੀ, ਰੋਏ ਅਸੀਂ ਵੀ ਸਾਂ, ਜਿਹੜਾ ਅਸਮਾਨੀ ਸਿਖਰਾਂ ਨੂੰ ਛੋਹ ਗਿਆ ਸੀ, ਨੇ ਵੀ ਇਕ ਨਜ਼ਮ ਲਿਖੀ ਸੀ, ਜਿਸ ਦੇ ਬੋਲ ਸਨ:-

'ਜੀ ਓ ਜੀ, ਮੇਰੇ ਸ਼ਹਿਰ ਲਾਹੌਰਾ ਜੀ,
ਘਰ ਘਰ ਦੇ ਵਿਚ ਬੱਝੀਆਂ ਮੱਝੀਆਂ ਗਾਵਾਂ,
ਖਾ ਮੱਖਣ ਤੇ ਲੱਸੀਆਂ ਪੀ।
ਜੀ ਓ ਜੀ ਮੇਰੇ ਸ਼ਹਿਰ ਲਾਹੌਰਾ ਜੀ।'

ਸ਼ਹਿਰ ਲਾਹੌਰ ਹੁਣ ਤਾਂ ਬਹੁਤ ਦੂਰ-ਦੂਰ ਤੱਕ ਫੈਲ ਗਿਆ ਹੈ, ਪਰ ਪੁਰਾਣੇ ਲਾਹੌਰ ਦਾ ਸਭ ਤੋਂ ਮਸ਼ਹੂਰ ਬਾਜ਼ਾਰ ਅਨਾਰਕਲੀ ਸੀ, ਜਿਸ ਵਿਚ ਛਮਕ-ਛੱਲੋ ਪੈਰ ਧਰਦਿਆਂ ਹੀ ਅੰਗਰੇਜ਼ੀ ਪੜ੍ਹ ਜਾਂਦੀ ਹੈ:

ਅਨਾਰਕਲੀ ਵਿਚ ਵੜ ਗਈ ਹਾਂ
ਮੈਂ ਅੰਗਰੇਜ਼ੀ ਪੜ੍ਹ ਗਈ ਹਾਂ।

ਤੁਹਾਡਾ ਕੀ ਖ਼ਿਆਲ ਹੈ, ਮਜਾਜੋ ਜਦੋਂ ਲਾਹੌਰ ਆਉਂਦੀ ਹੋਵੇਗੀ, ਉਦੋਂ ਉਹ ਸਿੱਧੇ ਜਿਹੇ ਬੋਸੀਦਾ ਕਪੜਿਆਂ 'ਚ ਆਉਂਦੀ ਹੋਵੇਗੀ? ਬਿਲਕੁੱਲ ਨਹੀਂ। ਆਪਣੇ ਢੋਲੇ ਨੂੰ, ਦਿਲਜਾਨੀ ਨੂੰ ਉਹ ਸਿਫ਼ਾਰਸ਼ ਕਰਦੀ ਹੈ:-

ਲਾਚਾ ਝੰਗ ਦਾ ਤੇ ਖੁੱਸਾ ਮੁਲਤਾਨੀ
ਮੈਨੂੰ ਅੱਜੋ ਅੱਜ ਲੈ ਦੇ ਦਿਲ ਜਾਨੀ,
ਕਲ੍ਹ ਮੈਂ ਲਾਹੌਰ ਵੰਞਣਾ!!

ਪਾਕਿਸਤਾਨ ਦਾ ਇਕ ਮਸ਼ਹੂਰ ਸ਼ਾਇਰ ਮਾਸੂਦ ਸਾਕਿਬ ਅਨਾਰਕਲੀ ਬਾਜ਼ਾਰ ਦੀਆਂ ਸ਼ਾਨਾਂ ਇੰਞ ਦੱਸਦਾ ਦੱਸਦਾ ਹੈ:-

ਏਥੇ ਦੇ ਹੱਟਵਾਣੀਏ ਖੱਤਰੀ ਪੈਸੇ ਦੇ ਪੁੱਤ
ਤੂੰ ਕੀ ਜਾਣੇ ਭੋਲੀਏ ਮੱਝੇ ਨਾਰਕਲੀ ਦੀਆਂ ਸ਼ਾਨਾਂ?
ਆ ਵੜਿਆ ਏ ਡੰਗਰ ਮਾਲਾ, ਤੂੰ ਅੱਜ ਕਿਹੜੇ ਪਾਸੇ?
ਪੈਸੇ ਦੇ ਪੁੱਤਰ ਸਾਰੇ, ਏਸ ਗਲੀ ਦੇ ਵਾਸੇ।
ਮੁਾਤੜ ਏਥੇ ਪਾਲੀ ਆਉਂਦੇ, ਖ਼ਾਲੀ ਖੜਦੇ ਕਾਸੇ (ਠੂਠੇ)
ਪੱਲੇ ਜੇਕਰ ਪੈਸੇ ਹੋਵਣ, ਡੁਲ੍ਹ ਡੁਲ੍ਹ ਪੈਂਦੇ ਹਾਸੇ।
ਬਹੁਤੀਆਂ ਮੈਨੂੰ ਆਉਂਦੀਆਂ ਕੋਈ ਨਹੀਂ, ਇਕੋ ਗੱਲ ਮੁਕਾਨਾ।
ਤੂੰ ਕੀ ਜਾਣੇ ਭੋਲੀਏ ਮੱਝੇ ਨਾਰਕਲੀ ਦੀਆਂ ਸ਼ਾਨਾਂ।

ਲਾਹੌਰ ਦੀ ਹਰ ਗਲੀ ਮੁਹੱਲੇ, ਬਾਜ਼ਾਰ ਦੀ ਕਿਸੇ ਨਾ ਕਿਸੇ ਆਪਣੀ ਖ਼ਾਸ ਗੱਲ ਜਾਂ ਖ਼ਾਸ ਖੂਬੀ ਕਰਕੇ ਆਪਣੀ ਆਪਣੀ ਪਛਾਣ ਹੈ। ਏਥੋਂ ਦੀ ਹੀਰਾ ਮੰਡੀ ਪੁਰਾਣੇ ਸਮਿਆਂ ਤੋਂ ਹੀ ਦੂਜੇ-ਤੀਜੇ ਭੈੜੇ ਕੰਮਾਂ ਲਈ ਮਸ਼ਹੂਰ ਰਹੀ ਹੈ। ਇਕ ਸ਼ਾਇਰ ਮੁਹੰਮਤ ਨਾਸਰ (ਜਨਮ 1908) ਨੇ ਆਪਣੀ ਇਕ ਕਵਿਤਾ ਵਿਚ ਉਹਦਾ ਹਾਲ ਇੰਞ ਬਿਆਨਿਆ ਹੈ:

ਇਸ ਮੰਡੀ ਦਾ ਕੀ ਪੁਛਣਾ ਏਂ, ਇਹ ਹੈ ਜੱਗੋਂ ਬਾਹਰੀ ਮੰਡੀ
ਨਾ ਜਿਣਸਾਂ ਨਾ ਤੱਕੜੀ ਵੱਟੇ, ਤੇ ਨਾ ਝੋਕਾਂ ਖਾਵੇ ਮੰਡੀ।
ਏਥੇ ਵਿਕਣ ਧੀਆਂ ਭੈਣਾਂ, ਮਾਵਾਂ ਦੀ ਵੀ ਪੈ ਜਾਏ ਸੰਡੀ।
ਇਸ ਮੰਡੀ ਦੀ ਹਰ ਇਕ ਤੀਵੀਂ, ਰਾਤ ਸੁਹਾਗਣ ਦਿਨ ਨੂੰ ਰੰਡੀ।
(ਲਾਹੌਰ ਦੀ ਸੈਰ ਕਿਤਾਬਚੇ 'ਚੋਂ)

ਸਾਡੇ ਕੁਝ ਪੁਰਾਣੇ ਅਖਾਣਾਂ ਵਿਚ ਵੀ ਸਾਨੂੰ ਕੁਝ ਅਜਿਹੇ ਅੰਸ਼ ਮਿਲਦੇ ਹਨ ਜਿਹੜੇ ਦਰਸਾਉਂਦੇ ਹਨ ਕਿ ਲਾਹੌਰੀਏ ਚੰਗੇ ਮਹਿਮਾਨ ਨਵਾਜ਼ ਨਹੀਂ, ਫੋਕੀ ਪ੍ਰਾਹੁਣਚਾਰੀ ਕਰਦੇ ਹਨ:

ਸੱਜਣੋ ਯਾਰ ਕਹਿਰੋੜੀ, ਲੁੱਛ, ਪੁੱਛ ਸੰਘਣੀ, ਮੁਹੱਬਤ ਥੋੜ੍ਹੀ।
ਦਿਖਾਵਣ ਦਰਵਾਜ਼ਾ ਲੰਘਾਵਣ ਮੋਰੀ।''

ਪਹਿਲੀ ਪੰਗਤੀ ਵਿਚ ਜਿਹੜਾ ਸ਼ਬਦ 'ਕਹਿਰੋੜੀ' ਵਰਤਿਆ ਗਿਆ ਹੈ, 'ਕਹਿਰੋੜ' ਜ਼ਿਲ੍ਹਾ ਮੁਲਤਾਨ ਦਾ ਇਕ ਪ੍ਰਸਿੱਧ ਪਿੰਡ ਹੈ। ਜਦੋਂ ਇਸ ਅਖਾਣ ਦਾ ਮੁੱਢ ਬੱਝਾ, ਉਦੋਂ ਓਥੇ ਦਾ ਕੋਈ ਸੱਜਣ ਲਾਹੌਰ ਆਇਆ ਹੋਵੇਗਾ। ਲਾਹੌਰ ਮੁੱਢ ਕਦੀਮ ਤੋਂ ਬਾਰਾਂ ਦਰਵਾਜ਼ਿਆਂ ਅਤੇ ਤੇਰਵੀਂ ਮੋਰੀ ਕਰ ਕੇ ਮਸ਼ਹੂਰ

ਰਿਹਾ ਹੈ। ਉਦੋਂ ਆਏ ਪ੍ਰਾਹੁਣੇ ਦੀ ਚੰਗੀ ਤਰ੍ਹਾਂ ਪਕੜ ਨਾ ਕੀਤੀ ਹੋਵੇਗੀ, ਜਿਸ ਕਰਕੇ ਇਹ ਅਖਾਣ ਹੋਂਦ ਵਿਚ ਆਇਆ। ਹੌਲੀ-ਹੌਲੀ ਲੋਕ-ਕਵੀਆਂ ਨੇ ਇਸ ਅਖਾਣ ਦਾ ਦਾਇਰਾ ਵਸੀਹ ਮੋਕਲਾ ਕਰਨ ਲਈ ਸ਼ਬਦ 'ਕਹਿਰੋੜੀ' ਦੀ ਥਾਂ ਕਰੋੜੀ (ਭਾਵ ਕਰੋੜਪਤੀ) ਕਹਿਣਾ ਸ਼ੁਰੂ ਕਰ ਦਿੱਤਾ। ਬੋਲੀਆਂ, ਲੋਕ ਗੀਤਾਂ ਦੀ ਖ਼ੂਬੀ ਹੀ ਇਹ ਹੈ ਕਿ ਗਾਉਣ ਵਾਲੇ ਲੋੜ ਵੇਲੇ ਅਸਲ ਵਿਚ ਕਦੇ ਮਾੜਾ ਮੋਟਾ ਰੱਦੋ-ਬਦਲ ਕਰ ਲੈਂਦੇ ਹਨ। ਏਸੇ ਲਈ ਕਈ ਵੇਰ ਏਹੀ ਅਖਾਣ ਇਸ ਤਰ੍ਹਾਂ ਸੁਣਨ ਵਿਚ ਵੀ ਆਇਆ ਹੈ:-

ਆਵੇ ਯਾਰ ਲਾਹੌਰ, ਦਿਖਾਵਣ ਦਰਵਾਜ਼ਾ, ਟਪਾਵੜ ਮੋਰੀ।

ਲਾਹੌਰ ਇਕ ਬਹੁਤ ਵੱਡਾ ਸ਼ਹਿਰ ਹੈ, ਇਸ ਦੀਆਂ ਗੱਲਾਂ ਵੀ ਵੱਡੀਆਂ ਹਨ। ਇਸ ਬਾਰੇ ਸਾਨੂੰ ਕੁਝ ਹੋਰ ਅਖਾਣ ਵੀ ਮਿਲ ਜਾਂਦੇ ਹਨ, ਜਿਵੇਂ ਕਿ:-

ਲੋਕ ਬੱਧਾ ਰੋੜਿਆਂ, ਤਾਂ ਮੁੰਨਾ ਕੋਹ ਲਾਹੌਰ।<br>
ਜਿਹੜੇ ਲਾਹੌਰ ਮਾੜੇ, ਉਹ ਪਿਸ਼ੌਰ ਵੀ ਮਾੜੇ।<br>
ਉਜੜਿਆ ਲਾਹੌਰ ਤੇ ਵਸਿਆ ਭਰਮੌਰ।

ਪੁਰਾਣੇ ਸਮਿਆਂ ਤੋਂ ਵਿਦੇਸ਼ੀ ਧਾੜਵੀ ਹਿੰਦੁਸਤਾਨ ਆਉਂਦੇ ਰਹੇ ਤਾਂ ਏਥੇ ਦੇ ਸ਼ਹਿਰਾਂ ਨੂੰ ਲੁੱਟਦੇ ਰਹੇ। ਇਹ ਅਖਾਣ ਉਨ੍ਹਾਂ ਸਮਿਆਂ ਨੂੰ ਯਾਦ ਕਰਵਾਉਂਦਾ ਹੈ ਜਦੋਂ ਧਾੜਵੀਆਂ ਨੇ ਲਾਹੌਰ ਲੁੱਟਿਆ ਹੋਵੇਗਾ ਅਤੇ ਏਥੇ ਦੇ ਕੁਝ ਵਸਨੀਕ ਡਰਦੇ ਮਾਰੇ ਭਾਜੜਾਂ ਪਾ ਕੇ ਉਦੋਂ ਪਹਾੜੀ ਇਲਾਕੇ ਚੰਬੇ ਲਾਗੇ ਭਰਮੌਰ ਆਣ ਵਸੇ ਹੋਣਗੇ।

ਇਕ ਥਾਹੋਂ ਉੱਜੜ ਕੇ ਹਿੰਮਤੀ ਬੰਦਾ ਦਿਨ-ਰਾਤ ਮਿਹਨਤ ਕਰ ਕੇ ਦੁਬਾਰਾ ਆਪਣੇ ਪੈਰੀਂ ਖੜ੍ਹਾ ਹੋ ਜਾਂਦਾ ਹੈ। ਜਦੋਂ ਬੇੜੀ ਪਾਰ ਹੋ ਜਾਂਦੀ ਹੈ ਤਾਂ ਸਮਾਂ ਪਾ ਕੇ ਉਹਦੀ ਸਾਥਣ ਆਪਣੇ ਪਿਆਰ ਦਾ ਵਾਸਤਾ ਪਾ ਕੇ ਉਹਨੂੰ ਇਕ ਵੱਖਰਾ ਬੰਗਲਾ ਪੁਆ ਦੇਣ ਦੀ ਮੰਗ ਕਰਦੀ ਹੈ:

ਚੰਬੇ ਦੀ ਹੱਟੀ ਵਿਚ ਵਿਕੇਂਦੀ ਏ ਗੇਰੀ<br>
ਭਲਾ ਮੇਰੇ ਪਿਆਰ ਦਾ ਪੁਲ ਲੰਘਣਾ ਕਿ ਬੇੜੀ?<br>
ਚੰਬੇ ਦੀ ਹੱਟੀ ਵਿਚ ਵਿਕਦਾ ਏ ਬੱਕਰਾ,<br>
ਭਲਾ ਮੇਰੇ ਪਿਆਰ ਦਾ, ਬੰਗਲਾ ਪੁਆ ਦੇ ਮੈਨੂੰ ਵੱਖਰਾ।

ਯੁੱਗ ਐਨਾ ਕੁ ਬਦਲ ਗਿਆ ਹੈ ਕਿ ਹੁਣ ਕਾਰਾਂ-ਮੋਟਰਾਂ ਆਮ ਹੋ ਗਈਆਂ ਹਨ। ਕੋਈ ਸਮਾਂ ਸੀ ਜਦੋਂ ਸਾਈਕਲ ਵੀ ਕਿਸੇ-ਕਿਸੇ ਬੰਦੇ ਕੋਲ ਹੀ ਹੁੰਦਾ ਸੀ। ਤਾਂਗਾ ਉਦੋਂ ਇਕ ਮਕਬੂਲ ਸਵਾਰੀ ਸੀ। ਤਾਂਗਾਵਾਨ ਆਪਣੇ ਘੋੜਿਆਂ ਤਾਂਗਿਆਂ ਨੂੰ ਐਨਾ ਹਾਰ ਸ਼ਿੰਗਾਰ ਕੇ ਰੱਖਦੇ ਸਨ ਕਿ ਦੇਖਦੇ ਹੀ ਸੁਆਦ ਆ ਜਾਂਦਾ ਸੀ। ਇਹ ਲੋਕ ਸਭਨਾਂ ਦਾ ਭਲਾ ਮੰਗਦੇ ਸਨ:-

ਭਾਵੇਂ ਲਾਹੌਰ ਦਾ ਹੋਵੇ, ਤੇ ਭਾਵੇਂ ਝੰਗ ਦਾ,<br>
ਤਾਂਗੇ ਵਾਲੇ ਖ਼ੈਰ ਮੰਗਦਾ।

ਡਾਚੀ (ਡਾਚੀ-1951)

ਇਹ ਗਾਣਾ ਕਦੇ ਲਾਹੌਰ ਵਿਚ ਬਣਨ ਵਾਲੀ ਇਕ ਫਿਲਮ 'ਚ ਮੁਹੰਮਦ ਰਫ਼ੀ ਦੇ ਇਕ ਸ਼ਾਗਿਰਦ ਮਾਸੂਦ ਰਾਣਾ ਨੇ ਗਾਇਆ ਸੀ।

ਸੋ ਉੱਪਰ ਤੁਸੀਂ ਦੇਖ ਲਿਆ ਹੋਵੇਗਾ ਕਿ ਵੱਖ-ਵੱਖ ਲੋਕਾਂ ਨੇ, ਕਵੀਆਂ, ਸ਼ਾਇਰਾਂ ਅਤੇ ਗਾਉਣ ਵਾਲਿਆਂ ਨੇ ਇਸ ਸ਼ਹਿਰ ਦੀ ਖ਼ੂਬਸੂਰਤੀ ਨੂੰ ਆਪਣੇ-ਆਪਣੇ ਢੰਗ ਅਤੇ ਨਜ਼ਰੀਏ ਨਾਲ ਉਲੀਕਿਆ, ਬਿਆਨਿਆ ਅਤੇ ਗਾਇਆ ਹੈ। ਇਨ੍ਹਾਂ ਸਭਨਾਂ ਦਾ ਅਸੀਂ ਸ਼ੁਕਰੀਆਂ ਅਦਾ ਕਰਦੇ ਹਾਂ। ਲਾਹੌਰ ਜਾਂ ਅੰਮ੍ਰਿਤਸਰ ਬਾਰੇ ਪਾਠਕ ਜੇਕਰ ਹੋਰ ਵਧੇਰੇ ਜਾਣਨਾ ਚਾਹੁਣ ਤਾਂ ਉਹ ਮੇਰੀ ਕਿਤਾਬ 'ਅੰਮ੍ਰਿਤਸਰ ਦੀ ਵਿਰਾਸਤ' ਪੜ੍ਹ ਸਕਦੇ ਹਨ, ਜਿਸ ਵਿਚ ਮੈਂ ਇਨ੍ਹਾਂ ਦੋਹਾਂ ਸ਼ਹਿਰਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੋਇਆ ਹੈ।

**ਕਸੂਰ:** ਇਹ ਪੁਰਾਤਨ ਸ਼ਹਿਰ ਸੰਗੀਤ ਦੀ ਦੁਨੀਆਂ ਦੇ ਬਾਦਸ਼ਾਹ ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਮਲਿਕਾ-ਇ-ਤਰੰਨੁਮ ਨੂਰ ਜਹਾਨ ਦਾ ਸ਼ਹਿਰ ਹੈ। ਏਥੇ ਦੀ ਮੇਥੀ ਸਾਰੀ ਦੁਨੀਆਂ 'ਚ ਮਸ਼ਹੂਰ ਰਹੀ ਹੈ। ਪਹਿਲਾਂ ਇਹ ਲਾਹੌਰ ਜ਼ਿਲ੍ਹੇ ਦੀ ਇਕ ਤਹਿਸੀਲ ਹੁੰਦੀ ਸੀ, ਪਰ 1976 'ਚ ਨਵਾਂ ਜ਼ਿਲ੍ਹਾ ਬਣ ਗਿਆ ਸੀ। ਦੇਸੀ ਜੁੱਤੀ ਉਂਝ ਤਾਂ ਦੜਪ ਦੇ ਇਲਾਕੇ ਨਾਰੋਆਲ ਦੀ ਵੀ ਬੜੀ ਮਸ਼ਹੂਰ ਰਹੀ ਹੈ:

ਜੁੱਤੀ ਨਾਰੋਆਲ ਦੀ, ਵੇ ਸਿਤਾਰਿਆਂ ਜੜੀ<br>
ਹਾਏ ਰੱਬਾ ਜੁੱਤੀ ਹੋਵੇ ਤਾਂ ਏਹੋ ਜਿਹੀ<br>
ਪਰ ਕਸੂਰੀ ਜੁੱਤੀ ਦਾ ਕੋਈ ਮੁਕਾਬਲਾ ਨਹੀਂ:<br>
ਜੁੱਤੀ ਕਸੂਰੀ, ਪੈਰੀਂ ਨਾ ਪੂਰੀ<br>
ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ।<br>
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ।<br>
ਉਨ੍ਹੀਂ ਰਾਹੀਂ ਮੈਨੂੰ ਤੁਰਨਾ ਪਿਆ।

ਇਸ ਆਈਟਮ ਨੂੰ ਭਾਵੇਂ ਕਿ ਅਨੇਕ ਗਵੰਤਰਿਆਂ ਨੇ ਗਾਇਆ, ਪਰ ਸੁਰਿੰਦਰ ਕੌਰ ਦੇ ਕੋਈ ਨੇੜੇ-ਤੇੜੇ ਵੀ ਨਾ ਜਾ ਸਕਿਆ। ਇਸ ਸ਼ਹਿਰ ਦੀ ਵੱਡੀ ਪਛਾਣ ਸੂਫ਼ੀ ਸੰਤ ਬਾਬਾ ਬੁੱਲ੍ਹੇ ਸ਼ਾਹ (1680-1758) ਕਰ ਕੇ ਵੀ ਹੈ, ਜਿੱਥੇ ਲੱਖਾਂ ਦੀ ਤਾਦਾਦ 'ਚ ਸੈਲਾਨੀ ਆਉਂਦੇ-ਜਾਂਦੇ ਰਹਿੰਦੇ ਹਨ। ਪੰਜਾਬੀ ਜ਼ੁਬਾਨ ਦੇ ਸ਼ੈਕਸਪੀਅਰ ਬਾਬਾ ਵਾਰਿਸ ਸ਼ਾਹ ਆਪਣੇ ਇੱਕ ਸ਼ਿਅਰ ਵਿਚ ਫ਼ਰਮਾਉਂਦੇ ਹਨ:

ਵਾਰਸ ਸ਼ਾਹ ਵਸਨੀਕ ਜੰਡਿਆਲੜੇ ਦਾ।<br>
ਸ਼ਾਗਿਰਦ ਮਖ਼ਦੂਮ (ਖਿਦਮਤਗਾਰ) ਕਸੂਰ ਦਾ ਏ।

**ਮੁਲਤਾਨ:** ਫਾਰਸੀ ਦਾ ਇਕ ਬੈਂਤ ਸ਼ਹਿਰ ਦੀ ਖ਼ਾਸੀਅਤ ਪੂਰੀ ਤਰ੍ਹਾਂ ਬਿਆਨ ਕਰਦਾ ਹੈ:

ਚਾਰ ਚੀਜ਼ ਅਸਤ ਤੋਹਫ਼ਾ-ਇ-ਮੁਲਤਾਨ,<br>
ਗਰਦ (ਧੂੜ) ਗਰਮਾ, ਗਦਾ (ਫ਼ਕੀਰ) ਵਾ ਗੋਰਸਤਾਨ (ਕਬਰਾਂ)<br>
ਪਰ ਪੰਜਾਬੀ 'ਚ ਇਹ ਕਹਾਵਤ ਇੰਝ ਹੈ:<br>
ਤਿੰਨ ਨਿਸ਼ਾਨੀਆਂ ਦਾ ਮੁਲਤਾਨ,<br>
ਗਰਮੀ, ਗਦਾ (ਫ਼ਕੀਰ) ਗੋਰਸਤਾਨ।<br>
ਇਕ ਅਖਾਣ ਇਸ ਤਰ੍ਹਾਂ ਹੈ:<br>
ਜੀਹਦਾ ਮੁਲਤਾਨ ਤਕੜਾ, ਉਹਦੀ ਦਿੱਲੀ ਤਕੜੀ।

ਇਹ ਇਸ ਸ਼ਹਿਰ ਦੀ ਜੁਗਰਾਫਿਆਈ, ਫ਼ੌਜੀ ਅਤੇ ਸਿਆਸੀ ਅਹਿਮੀਅਤ ਦਰਸਾਉਂਦਾ ਹੈ। ਮੁਗਲ ਹਕੂਮਤ ਸਮੇਂ

ਦਿੱਲੀ ਨੂੰ ਸਭ ਤੋਂ ਵੱਧ ਮਾਲੀਆ (ਕਰ) ਦੇਣ ਵਾਲਾ ਮੰਨਿਆ ਗਿਆ, ਖ਼ਬਰੇ ਇਹ ਸੂਬਾ ਸੀ। ਇਕ ਹੋਰ ਅਖਾਣ ਅਨੁਸਾਰ:

ਜਿਸ ਨਹੀਂ ਡਿੱਠਾ ਮੁਲਤਾਨ,
ਨਾ ਉਹ ਹਿੰਦੂ, ਨਾ ਮੁਸਲਮਾਨ।

ਇਹ ਅਖੌਤ ਇਸ ਸ਼ਹਿਰ ਦੀ ਮਜ਼੍ਹਬੀ ਅਹਿਮੀਅਤ ਦਰਸਾਉਂਦੀ ਹੈ ਕਿਉਂਕਿ ਏਥੇ ਅਨੇਕ ਮੁਸਲਮਾਨ ਪੀਰਾਂ-ਫਕੀਰਾਂ ਦੀਆਂ ਕਬਰਾਂ ਤੋਂ ਛੁੱਟ ਹਿੰਦੂ ਮਹਾਂਪੁਰਖਾਂ ਦੀਆਂ ਵੀ ਕਈ ਯਾਦਗਾਰਾਂ ਹਨ। ਜਿਵੇਂ ਕਿ ਪ੍ਰਹਿਲਾਦ ਭਗਤ ਆਦਿ।

ਮੁਲਤਾਨ ਸ਼ਹਿਰ ਨੂੰ ਪੁਰਾਣੇ ਬੰਦਿਆਂ 'ਚੋਂ ਕਿਸੇ ਨੇ ਗਾਇਆ ਹੋਵੇ, ਮੇਰੇ ਧਿਆਨ 'ਚ ਤਾਂ ਨਹੀਂ, ਪਰ ਹਾਂ ਪਿੱਛੇ ਜਿਹੇ ਚੰਨਿਓਟ ਦੇ ਇਕ ਨੌਜੁਆਨ ਮੁਜ਼ੱਮਿਲ ਅੱਬਾਸ ਨੇ ''ਢੋਲਾ ਮੁਲਤਾਨ ਦਿਆ'' ਕੁਝ ਅਜਿਹੇ ਦਰਦੀਲੇ, ਸੁਰੀਲੇ ਅੰਦਾਜ਼ ਵਿਚ ਗਾਇਆ ਹੈ ਕਿ ਸੁਣ ਕੇ ਮਜ਼ਾ ਆ ਜਾਂਦਾ ਹੈ:

ਬੇ ਢੋਲਾ ਮੁਲਤਾਨ ਦਿਆ, ਬੇ ਕੱਚਿਆ ਜ਼ੁਬਾਨ ਦਿਆ।
ਬੇ ਧੋਖਾ ਮੇਰੇ ਨਾਲ ਕੀਤਾ, ਲੈ ਲਈ ਮੇਰੀ ਜਾਨ ਦਿਆ।
ਮੈਂ ਤੇਰੇ ਨਾਲ ਲਾਈਆਂ ਸੀ, ਓ ਛੱਡ ਕੇ ਖੁਦਾਈਆਂ ਓ ਯਾਰ।
ਤੂੰ ਜਿਗਰ ਦਾ ਖ਼ੂਨ ਪੀਤਾ, ਤੂੰ ਦੇ ਕੇ ਜੁਦਾਈਆਂ ਓ ਯਾਰ।

ਉੱਪਰ ਚੰਨਿਓਟ ਦੇ ਇਕ ਕਲਾਕਾਰ ਦਾ ਜ਼ਿਕਰ ਆਇਆ ਹੈ। ਇਕ ਅਖਾਣ ਵਿਚ ਇਸ ਦਾ ਵੀ ਜ਼ਿਕਰ ਮਿਲਦਾ ਹੈ:

ਸ਼ੋਰ ਸ਼ੋਰੋਂ (ਸ਼ੋਰਕੋਟ) ਤੇ ਕੂੜ ਲਾਹੋਰੋਂ, ਝਗੜਾ ਚੰਨਿਓਟੋਂ,
ਪਿਓ ਪੁੱਤਰ ਦੀ ਚੁਗਲੀ ਕਰੇ, ਦੀਪਾਲਪੁਰ ਦੇ ਕੋਟੋਂ।

ਇਨ੍ਹਾਂ ਵਿਚੋਂ ਕੁਝ ਕਸਬੇ/ਸ਼ਹਿਰ ਪਹਿਲਾਂ, ਜ਼ਿਲ੍ਹਾ ਮਿੰਟਗੁਮਰੀ 'ਚ ਹੁੰਦੇ ਸਨ, ਪਰ ਸ਼ੋਰਕੋਟ ਹੁਣ ਜ਼ਿਲ੍ਹਾ ਸ਼ੇਖ਼ੂਪੁਰ 'ਚ ਹੈ, ਚੰਨਿਓਟ ਹੁਣ ਨਵਾਂ ਜ਼ਿਲ੍ਹਾ ਬਣ ਗਿਆ ਹੈ ਅਤੇ ਦੀਪਾਲਪੁਰ ਹੁਣ ਜ਼ਿਲ੍ਹਾ ਓਕਾੜਾ ਦਾ ਹਿੱਸਾ ਹੈ।

ਸ਼ੋਰ ਜਾਂ ਸ਼ੋਰ-ਸ਼ਰਾਬੇ ਨੂੰ ਰੌਲੇ-ਰੱਪੇ ਦੀ ਭਾਵਨਾ 'ਚ ਲਿਆ ਜਾਂਦਾ ਹੈ, ਪਰ ਖੇਤਰੀ ਮਾਅਨਿਆਂ ਦੇ ਤੌਰ 'ਤੇ ਸ਼ੋਰ ਤੋਂ ਭਾਵ ਕੱਲਰ ਜ਼ਮੀਨ ਤੋਂ ਹੁੰਦਾ ਹੈ।

**ਰਾਵਲਪਿੰਡੀ:**

''ਰਾਵਲਪਿੰਡੀ ਦੇ ਉੱਚੇ ਉੱਚੇ ਬੰਗਲੇ
ਸੈਰ ਤਾਂ ਕਰਨੀ ਆ... ਸਦਰ ਬਾਜ਼ਾਰ ਦਾ
ਲੈ ਵੇ ਤੇਰਾ ਮਿਹਣਾ, ਸਾਨੂੰ ਸਾਰਾ ਜੱਗ ਮਾਰਦਾ।''

ਰਾਵਲਪਿੰਡੀ ਹਰਿਆਵਲ ਭਰਪੂਰ, ਬੜਾ ਖ਼ੂਬਸੂਰਤ ਇਲਾਕਾ ਹੈ, ਜਿਹੜਾ ਪੋਠੋਹਾਰ 'ਚ ਅਖਵਾਉਂਦਾ ਹੈ। ਬਰਦਾ (ਮਾਅਨਵੀ ਤੌਰ 'ਤੇ ਨੌਕਰ ਚਾਕਰ) ਪਿਸ਼ਾਵਰੀ ਪੰਜਾਬੀ ਦਾ ਇਕ ਵੱਡਾ ਸ਼ਾਇਰ ਹੋ ਗੁਜ਼ਰਿਆ ਹੈ, ਜਿਹੜਾ 1827 ਈ. ਦੇ ਗੇੜ 'ਚ ਕੁਝ ਸਮਾਂ ਅੰਮ੍ਰਿਤਸਰ ਵੀ ਰਿਹਾ। ਇਕ ਭੇਟ ਵਾਰਤਾ ਦੌਰਾਨ ਮੇਰੇ ਪੀਰੋ-ਮੁਰਸ਼ਦ ਪ੍ਰੋ. ਮੋਹਨ ਸਿੰਘ ਮਾਹਿਰ ਵੀ ਉਨ੍ਹਾਂ ਦੀ ਸ਼ਾਇਰੀ ਨੂੰ ਸਲਾਹੁੰਦੇ ਸਨ। ਆਪਣੀ ਇਕ ਨਜ਼ਮ ਵਿਚ ਉਹ ਸਾਡੇ ਨੌਜਵਾਨਾਂ 'ਤੇ ਅੰਗਰੇਜ਼ਾਂ ਵਲੋਂ ਢਾਹੇ ਜ਼ੁਲਮ-ਤਸ਼ੱਦਦ ਦਾ ਜ਼ਿਕਰ ਇੰਝ ਕਰਦੇ ਹਨ:

''ਜੀਮ ਜਿਹਲਖਾਨਾ ਰਾਵਲਪਿੰਡੀ ਵਾਲਾ
ਜਿਹਦੀਆਂ ਕੋਠੀਆਂ ਗਿਣੀਏ ਤਾਂ ਹੈਨ ਚਾਲੀ।
ਪੰਜ ਸੱਤ ਕੈਦੀ ਰੋਜ਼ ਆਵੰਦੇ ਨੇ,
ਇਕ ਦਿਨ ਨਹੀਂ ਜਾਵੰਦਾ ਮੂਲ ਖਾਲੀ।
ਬਾਰਾਂ ਸੇਰ ਦਿਨ ਦੇ ਛੋਲੇ ਪੀਸਣੇ ਨੂੰ,
ਮੂੰਹ 'ਤੇ ਆਈ ਜ਼ਰਦੀ ਅੱਖਾਂ ਵਿਚ ਲਾਲੀ।
'ਬਰਦਾ' ਆਖਦਾ ਯਾਰੋ ਅੰਗਰੇਜ਼ ਡਾਢੇ,
ਜਿਨ੍ਹਾਂ ਸੈਆਂ ਜਵਾਨਾਂ ਦੀ ਜਿੰਦ ਗਾਲੀ।

ਕਹਾਵਤ ਹੈ ਕਿ ਦਰਿਆ 'ਝਨਾਂ ਆਸ਼ਕਾਂ ਦਾ, ਜਿਹਲਮ ਮਨਾਫਿਕਾਂ ਦਾ।'

(ਮੁਨਾਫਿਕ: ਜ਼ਾਹਰੀ ਤੌਰ 'ਤੇ ਚੰਗਾ, ਪਰ ਬਾਤਨੀ ਤੌਰ 'ਤੇ ਖੋਟਾ- ਬਾਹਰੋਂ ਚੰਗਾ, ਦਿਲੋਂ ਖੋਟਾ)

ਏਸੇ ਇਲਾਕੇ 'ਚ ਇਕ ਹੋਰ ਅਖੌਤ ਬੜੀ ਮਸ਼ਹੂਰ ਹੈ:-

ਬੱਦਲ ਚੜ੍ਹਿਆ ਟਿੱਲਿਉਂ, ਮੱਝ ਖੋਲ੍ਹੋ ਕਿੱਲਿਓਂ।'

ਇਹਦਾ ਪਾਠ ਕੁਝ ਇਸ ਤਰ੍ਹਾਂ ਵੀ ਹੈ:-

'ਬੱਦਲ ਆਇਆ ਟਿੱਲਿਉਂ, ਗਾਂ ਮੱਝ ਨਾ ਖੁਲ੍ਹੀ ਕਿੱਲਿਉਂ।'

ਜਿਹਲਮ ਤੋਂ ਅੱਠ ਕੁ ਮੀਲ ਦੀ ਵਿੱਥ 'ਤੇ ਇਕ ਉੱਚਾ ਟਿੱਲਾ ਹੈ, ਰੋਹਤਾਸ ਦਾ ਪ੍ਰਸਿੱਧ ਕਿਲ੍ਹਾ। ਏਥੇ ਗੁਰੂ ਗੋਰਖ ਨਾਥ ਦਾ ਪ੍ਰਸਿੱਧ ਅਸਥਾਨ ਹੈ। ਲੋਕਾਂ ਦਾ ਪੱਕਾ ਵਿਸ਼ਵਾਸ ਹੈ ਕਿ ਏਧਰੋਂ ਬੱਦਲ ਉਠਿਆ ਕਦੇ ਸੁੱਕਾ ਨਹੀਂ ਜਾਂਦਾ- ਜ਼ਰੂਰ ਵਰ੍ਹਦਾ ਹੈ। ਉੱਪਰ ਦਿਤੀ ਗਈ ਦੂਜੀ ਪੰਗਤੀ ਦਾ ਮਤਲਬ ਹੈ ਕਿ ਓਧਰੋਂ ਬੱਦਲ ਉਠਿਆ, ਇਕਦਮ ਐਨੀ ਤੇਜ਼ੀ ਨਾਲ ਵਰ੍ਹਣ ਲੱਗ ਪਿਆ ਕਿ ਲੋਕਾਂ ਨੂੰ ਆਪਣਾ ਮਾਲ ਡੰਗਰ ਖੋਲ੍ਹਣ ਦੀ ਵੀ ਫੁਰਸਤ ਨਾ ਮਿਲੀ। ਗੁਜਰਾਤ ਦੇ ਇਕ ਕਸਬੇ ਕੁੰਜਾਹ (ਪੰਜਾਬੀ ਦੇ ਉਘੇ ਲਿਖਾਰੀ ਸ਼ਰੀਫ਼ ਕੁੰਜਾਹੀ ਦੀ ਜੰਮਣ ਭੋਇੰ) ਦੇ ਵਾਸੀ ਆਪਣੀਆਂ ਸੁਆਣੀਆਂ 'ਤੇ ਬੜਾ ਨਾਜ਼ ਕਰਦੇ ਹਨ- ਏਸੇ ਲਈ ਉਹ ਅਕਸਰ ਰਟਦੇ ਹਨ:-

'ਦਾਲ ਮਾਂਹ ਦੀ, ਧੀ ਸ਼ਾਹ ਦੀ, ਤੇ ਰੰਨ ਕੁੰਜਾਹ ਦੀ।'
ਦਾਤਣ ਫਲਾਂ ਦੀ- ਤੇ ਰੰਨ ਕੁੰਜਾਹ ਦੀ।

ਕੁਝ ਸਾਲ ਹੋਏ ਇਕ ਨੌਜੁਆਨ ਗਵੱਈਏ ਮਲਿਕ ਅਮੀਨ ਨੇ ਇਕ ਤਵਾ ਭਰਵਾਇਆ ਸੀ:

ਭਈ ਬੱਸਾਂ ਗੁਜਰਾਤ ਦੀਆਂ
ਕਿਵੇਂ ਉਨ੍ਹਾਂ ਭੁੱਲ ਜਾਵਾਂ,
ਗੱਲਾਂ ਪਹਿਲੀ ਮੁਲਾਕਾਤ ਦੀਆਂ?

ਇਕ ਹੋਰ ਨੌਜਵਾਨ ਨੇ ਟੱਪਾ ਅੰਗ 'ਚ ਮਹੀਆ ਗਾਇਆ ਹੈ:

ਕਾਵਾਂ ਗੁਜਰਾਤ ਦਿਆ, ਕਿਉਂ ਕਾਂ ਕਾਂ ਲਾਈ ਹੋਈ ਆ?
ਮੈਨੂੰ ਗ਼ਮ ਸੱਜਣਾਂ ਦਾ, ਲੋਕਾਂ ਮਰਜ ਬਣਾਈ ਹੋਈ ਆ।

ਪਾਕਿਸਤਾਨ ਦੇ ਇਕ ਪ੍ਰਸਿੱਧ ਹਾਸ-ਰਸ ਸ਼ਾਇਰ ਮਾਸੂਦ ਸਾਕਿਬ ਨੇ ਜਿਹਲਮ ਤੋਂ ਗੁਜਰਾਤ ਨੂੰ ਚੱਲਣ ਵਾਲੀਆਂ ਬੱਸਾਂ ਵਿਚ ਬੁਨੈਣਾਂ ਵੇਚਣ ਵਾਲਾ ਇਕ ਬੰਦਾ ਆਪਣਾ ਮਾਲ ਵੇਚਣ ਲਈ ਕਿਹੋ ਜਿਹੇ ਚੁਸਤ-ਦਰੁਸਤ ਫਿਕਰੇ ਬੋਲ-ਬੋਲ ਕੇ ਗਾਹਕਾਂ ਦਾ ਧਿਆਨ ਆਪਣੇ ਵਲ ਖਿਚਦਾ ਹੈ- ਉਹਦਾ ਨਕਸ਼ਾ ਬਾਖ਼ੂਬੀ ਖਿੱਚਿਆ ਹੈ।

ਦਿਲ ਨਾਲ ਦਿਲ ਅਸੀਂ ਜੋੜ ਦਿੱਤਾ ਏ,
ਝੰਗ ਛੱਡ ਆਏ, ਅਸਾਂ ਛੋੜ ਦਿੱਤਾ ਏ।

-ਇਕਬਾਲੀ ਦੀ ਆਵਾਜ਼ ਵਿੱਚ

ਜ਼ਿਲ੍ਹਾ ਸਰਗੋਧਾ ਨਵੀਨ ਡੀਜ਼ਾਈਨ ਦੇ ਕੱਪ ਨਿਕਲੇ,
ਜਿਨ੍ਹਾਂ ਨਾਲ ਦਿਲ ਸੀ ਲਾਇਆ, ਓਹੀ ਸੱਪ ਨਿਕਲੇ।
-ਆਵਾਜ਼ ਸਲਾਮਤ ਅਲੀ ਸ਼ਾਹਪੁਰੀ

ਪਾਕਿਸਤਾਨ ਦੇ ਸ਼ਹਿਰਾਂ ਦਾ ਜ਼ਿਕਰ ਓਥੇ ਬਣੀਆਂ ਕੁਝ ਫ਼ਿਲਮਾਂ ਵਿਚ ਵੀ ਮਿਲਦਾ ਹੈ, ਜਿਵੇਂ ਕਿ 1951 ਵਿਚ ਬਣੀ ਇਕ ਫਿਲਮ 'ਚੰਨ ਵੇ' ਵਿਚ ਨੂਰ ਜਹਾਨ ਦਾ ਗਾਇਆ ਹੋਇਆ ਇਹ ਗੀਤ:

ਤੇਰੀ ਗੱਲ੍ਹ ਉਤੇ ਕਾਲਾ ਕਾਲਾ ਤਿਲ ਵੇ,
ਸਾਡਾ ਕੱਢ ਕੇ ਲੈ ਗਿਆ ਦਿਲ ਵੇ।
ਵੇ ਮੁੰਡਿਆ ਸਿਆਲੋਕਟੀਆ...

ਸਿਆਲਕੋਟ ਆਏ ਹਾਂ ਤਾਂ ਏਥੇ ਦੇ ਇਤਿਹਾਸਿਕ ਗੁਰਦਵਾਰਾ ਬਾਬੇ ਦੀ ਬੇਰ ਦੇ ਦਰਸ਼ਨ ਵੀ ਕਰ ਚੱਲੀਏ, ਪਿੱਛੋਂ ਸਰਦਾਰ ਬਹਾਦਰ ਸਰਦਾਰ ਗੰਡਾ ਸਿੰਘ ਉਬੇਰਾਏ ਦੀ ਫੈਕਟਰੀ ਜਿਸ ਵਿਚ ਕਦੇ ਸੱਤ ਹਜ਼ਾਰ ਕਾਮੇ ਕੰਮ ਕਰਦੇ ਸਨ ਅਤੇ ਉਹਦਾ ਮਹੱਲ ਵੀ ਦੇਖ ਚਲਾਂਗੇ। ਯਾਦ ਰਹੇ ਕਿ ਖੇਡਾਂ ਦਾ ਸਾਮਾਨ ਬਦਾਉਣ ਵਾਲੀ ਉਦੋਂ ਇਹ ਹਿੰਦੋਸਤਾਨ ਦੀ ਸਭ ਤੋਂ ਵੱਡੀ ਫੈਕਟਰੀ ਸੀ ਜਿਹਦਾ ਸਾਮਾਨ ਦੁਨੀਆਂ ਭਰ ਦੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ।

ਨਵੇਂ ਕਲਾਕਾਰਾਂ ਦੀਆਂ ਆਵਾਜ਼ਾਂ ਭਰਨ ਲਈ ਪਾਕਿਸਤਾਨ ਦੀ 'ਥਾਰ ਪ੍ਰੋਡਕਸ਼ਨ ਕੰਪਨੀ' ਇਕ ਅਜਿਹੀ ਫਰਮ ਹੈ ਜਿਸ ਨੇ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੀਤਾਂ- ਪੰਚਨਦ ਦੇ ਸੀਨੇ 'ਤੇ ਵਸਣ ਵਾਲੇ ਸਿੱਧੇ-ਸਾਦੇ ਲੋਕਾਂ ਦੇ ਦੁਖ ਦਰਦ, ਦੁਖ-ਸੁਖ, ਹਰ ਤਰ੍ਹਾਂ ਦੇ ਜਜ਼ਬਿਆਂ ਦੀ ਤਰਜ਼ਮਾਨੀ ਕਰਦੇ ਅਨੇਕ ਮਾਹੀਏ, ਢੋਲੇ, ਟੱਪੇ, ਉਨ੍ਹਾਂ ਦੀਆਂ ਕੈਸਿਟਾਂ, ਸੀ.ਡੀਆਂ. ਵੀਡੀਓਜ਼ ਆਦਿ ਕੱਢੀਆਂ ਹਨ। ਉਨ੍ਹਾਂ ਦੇ ਬਹੁਤੇ ਗਾਣਿਆਂ ਵਿਚ ਬਹੁਤ ਸਾਰੇ ਸ਼ਹਿਰਾਂ ਦੀ ਜੜਤ ਮਿਲਦੀ ਹੈ। ਸ਼ਾਇਦ ਹੀ ਕੋਈ ਐਸਾ ਸ਼ਹਿਰ ਹੋਵੇ ਜਿਹੜਾ ਬਾਹਰ ਰਹਿ ਗਿਆ ਹੋਵੇ। ਓਹੋ ਜਿਹਾ ਉਪਰਾਲਾ ਸਾਡੀ ਵੀ ਕਿਸੇ ਕੰਪਨੀ ਨੂੰ ਕਰਨਾ ਚਾਹੀਦਾ ਹੈ।

ਸਾਡੇ ਲੋਕ ਕਲਾਕਾਰ, ਸੁਰਿੰਦਰ ਛਿੰਦਾ (ਜਿਨ੍ਹਾਂ ਦਾ 26 ਜੁਲਾਹੀ ਨੂੰ ਦੇਹਾਂਤ ਹੋ ਗਿਆ) ਹੈ, ਸੁਰਜੀਤ ਭੁੱਲਰ ਅਤੇ ਪਾਲੀ ਦੇਵਵਾਲੀਆ ਦਾ ਇਕ ਗਾਣਾ ਹੈ:

''ਮੈਂ ਕਿਰਤ ਦਾ ਕਰਤਾਰਪੁਰ ਵੱਖਰਾ ਨਜ਼ਾਰਾ ਦੇਖਿਆ।

ਸਬੱਬ ਨਾਲ ਪਾਕਿਸਤਾਨ ਆਏ ਹੋਏ ਹਾਂ, ਬਥੇਰਾ ਘੁੰਮ ਫਿਰ ਲਿਆ, ਵੱਡੇ ਬਾਬਾ ਜੀ ਦੇ ਵੱਡੇ ਸ਼ਹਿਰ ਦਾ ਅਜਬ ਨਜ਼ਾਰਾ ਅਸੀਂ ਵੀ ਦੇਖ ਲਈਏ। ਸਾਰੀ ਦੁਨੀਆਂ ਜੁ ਵੇਖਣ ਆਉਂਦੀ ਹੈ। ਸੁਣਿਆ ਲਾਂਘਾ ਖੁਲ੍ਹਣ ਨਾਲ ਉਹ ਇਕ ਬਹਿਸ਼ਤ ਬਣ ਗਿਆ ਹੈ। ਦਰਸ਼ਨ ਕਰ ਆਵਾਂਗੇ, ਨਾਲੇ ਇਸ ਲੇਖ ਵਿਚ ਹੋਈ ਆਪਣੀ ਵੱਡੀ ਭੁੱਲ ਬਖਸ਼ਾਉਣ ਲਈ ਅਰਦਾਸ ਕਰਾਂਗੇ। ''ਭੁੱਲ ਕਾਹਦੀ?''

ਸਾਡੇ ਗੁਰੂ ਸਾਹਿਬਾਨ ਵੀ ਬਹੁਤ ਵੱਡੇ ਉਸਰਈਏ ਸਨ, ਜਿਨ੍ਹਾਂ ਨੇ ਪੰਜਾਬ ਵਿਚ ਅਨੇਕ ਪਿੰਡ, ਸ਼ਹਿਰ ਵਸਾ ਕੇ ਆਬਾਦ ਕੀਤੇ। ਕਈ ਕਸਬਿਆਂ ਦੀ ਕਾਇਆ-ਕਲਪ ਕੀਤੀ। ਸ਼ੈਆਂ ਥਾਵਾਂ 'ਤੇ ਜਾ ਜਾ ਕੇ ਧਰਤੀ ਨੂੰ ਭਾਗ ਲਾਏ, ਕੁਰਾਹੀਆਂ ਨੂੰ ਰਾਹੇ ਪਾਇਆ ਅਤੇ ਜਾਣ ਲੱਗਿਆਂ ਨੂੰ ਕਈ ਪਰਿਵਾਰਾਂ ਨੂੰ ਵਰ ਦਿੱਤੇ, ਨਿਸ਼ਾਨੀਆਂ ਭੇਂਟ ਕੀਤੀਆਂ। ਖ਼ਾਸ ਕਰ ਕੇ ਮਾਲਵਾ ਉਨ੍ਹਾਂ ਦੀਆਂ ਦੁਰਲੱਭ ਨਿਸ਼ਾਨੀਆਂ ਨਾਲ ਭਰਿਆ ਪਿਆ ਹੈ।

## ਦੇਸ਼ਭਗਤਾਂ ਦੀ ਧਰਤੀ
## ਦੁਆਬੇ ਦੇ ਸ਼ਹਿਰ, ਕਸਬੇ ਅਤੇ ਪਿੰਡ ਆਦਿ

ਅੰਬੀਆਂ ਨੂੰ ਤਰਸੇਂਗੀ- ਛੱਡ ਕੇ ਦੇਸ ਦੁਆਬਾ

ਸਮੇਂ ਦੇ ਬਦਲਣ ਨਾਲ ਹੁਸ਼ਿਆਰਪੁਰ ਦੁਆਲੇ ਅੰਬਾਂ ਦੇ ਬਾਗਾਂ ਦੀ ਪੁਟ-ਪੁਟਾਈ ਕਾਰਨ ਭਾਵੇਂ ਕਿ ਹੁਣ ਉਹ ਗੱਲਾਂ ਨਹੀਂ ਰਹੀਆਂ, ਪਰ ਪੁਰਾਣੇ ਸਮਿਆਂ 'ਚ ਇਸ ਧਰਤੀ ਬਾਰੇ ਇਹ ਬੋਲੀ ਬੜੀ ਪ੍ਰਸਿੱਧ ਰਹੀ ਹੈ। ਇਹ ਧਰਤੀ ਦੇਸ਼ ਭਗਤਾਂ ਦਾ ਗੜ੍ਹ ਰਹੀ ਹੈ।

ਜਲੰਧਰ ਦੁਆਬੇ ਦਾ ਪ੍ਰਮੁੱਖ ਸ਼ਹਿਰ ਹੈ। ਇਸ ਦਾ ਇਹ ਨਾਂ ਕਿਉਂ ਪਿਆ, ਇਸ ਬਾਰੇ ਪਰਪੱਕਤਾ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਦੰਦ-ਕਥਾਵਾਂ ਅਨੁਸਾਰ ਲੋਕ ਇਹਨੂੰ 'ਜਲੰਧਰ-ਜਲ ਅੰਦਰ' ਕਹਿ ਕੇ ਵੀ ਪੁਕਾਰਦੇ ਰਹੇ ਹਨ। ਹੋ ਸਕਦਾ ਹੈ ਕਿ ਲੋਕ ਇਸ ਨੂੰ ਅਜਿਹਾ ਇਸ ਲਈ ਆਖਦੇ ਹੋਣ ਕਿ ਇਸ ਦੇ ਆਲੇ-ਦੁਆਲੇ ਕਦੇ ਕੋਈ ਛੋਟਾ-ਮੋਟਾ ਦਰਿਆ ਜਾਂ ਨਦੀ ਨਾਲਾ ਵਹਿੰਦਾ ਹੋਵੇ, ਜਿਸ ਦਾ ਉਛਾਲ ਸ਼ਹਿਰ ਅੰਦਰ ਆਣ-ਵੜਦਾ ਹੋਵੇ। ਇਹ ਧਾਰਨਾ ਸਹੀ ਹੈ ਜਾਂ ਗ਼ਲਤ, ਇਹ ਇਕ ਜੁਦੀ ਗੱਲ ਹੈ, ਪਰ ਕਿਸੇ ਸ਼ਹਿਰ ਨੂੰ ਸਿਰਫ ਦੋ ਲਫ਼ਜ਼ਾਂ ਨਾਲ ਪਰਿਭਾਸ਼ਤ ਕਰ ਜਾਣਾ, ਇਸ ਤੋਂ ਛੁਟਕੀ, ਛੁਟਰਾਸੀ ਭੂਮਿਕਾ ਹੋਰ ਕੀ ਹੋ ਸਕਦੀ ਹੈ? ਸਿਆਣਪ ਸੰਜਮ ਜਾਂ ਸਟਾਈਲ ਦਾ ਸਿਖ਼ਰ ਹੈ। ਅੰਗਰੇਜ਼ੀ ਦੇ ਮਹਾਂਕਵੀ ਸ਼ੈਕਸਪੀਅਰ ਨੇ ਵੀ ਕਦੇ ਇਹ ਗੱਲ ਆਖੀ ਸੀ, ''Brevity is the soul of wit.'' ਉਂਝ ਜਲੰਧਰ ਤੋਂ ਮੁਰਾਦ ਢਿੱਡ ਦੀ ਇਕ ਬਿਮਾਰੀ ਤੋਂ ਵੀ ਹੈ, ਜਿਹੜੀ ਆਮ ਤੌਰ 'ਤੇ ਗੰਦਾ ਪਾਣੀ ਪੀਣ ਨਾਲ ਲਗਦੀ ਹੈ।

ਖ਼ੈਰ! ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਸ਼ਹਿਰ ਪਠਾਣਾਂ ਦੀ ਮਲਕੀਅਤ ਹੁੰਦਾ ਸੀ। ਆਪਣੀਆਂ ਬਾਰਾਂ ਬਸਤੀਆਂ ਕਰ ਕੇ ਇਹ ਸ਼ਹਿਰ ਬੜਾ ਮਸ਼ਹੂਰ ਸੀ ਅਤੇ ਹੁਸ਼ਿਆਰਪੁਰ ਆਪਣੀਆਂ ਬਾਰਾਂ ਬਸੀਆਂ ਕਰ ਕੇ। ਪਠਾਣਾਂ ਦਾ ਇਥੇ ਏਨਾ ਦਬਦਬਾ ਸੀ ਕਿ ਕਿਸੇ ਵੀ ਬਸਤੀ ਅੰਦਰ ਵੜਦਿਆਂ ਕੋਈ ਘੋੜਸਵਾਰ ਆਪਣੇ ਜਾਨਵਰ 'ਤੇ ਸਵਾਰ ਜਿਉਂ ਦਾ ਤਿਉਂ ਉੱਪਰ ਬੈਠਾ ਵਿਚੋਂ ਦੀ ਲੰਘ ਨਹੀਂ ਸੀ ਸਕਦਾ- ਆਪਣੀ ਸਵਾਰੀ ਤੋਂ ਥੱਲੇ ਉਤਰ ਕੇ ਉਹਨੂੰ ਉਹ ਪੈਂਡਾ ਪੈਦਲ ਚਲਣਾ ਪੈਂਦਾ ਸੀ। ਏਥੋਂ ਦੀਆਂ ਸਾਰੀਆਂ ਬਸਤੀਆਂ ਦਾ ਬਿਆਨ ਕਰਨਾ ਹੋਵੇ ਤਾਂ ਗੱਲ ਬਹੁਤ ਵਧ ਜਾਂਦੀ ਹੈ, ਪਰ ਥਾਂ ਦੀ ਥੁੜ ਹੋਣ ਕਾਰਨ ਅਸੀਂ ਸਿਰਫ਼ ਇਕ-ਅੱਧ ਬਸਤੀ ਸ਼ੇਖ ਦਰਵੇਸ਼, ਜਿਹੜੀ ਸਾਡੇ ਬਸਤੀ ਨੌਂ ਵਾਲੇ ਘਰ ਤੋਂ ਸਿਰਫ਼ ਫਰਲਾਂਗ ਦੀ ਵਿੱਥ 'ਤੇ ਸਥਿਤ ਸੀ, ਦਾ ਹਾਲ ਹਵਾਲ ਲਿਖ ਕੇ ਹੀ ਗੁਜ਼ਾਰਾ ਕਰਾਂਗੇ। ਅਸਲ ਵਿਚ ਇਹ ਇਥੋਂ ਦੇ ਇਕ ਦਰਵੇਸ਼ ਨੇ ਜਹਾਂਗੀਰ ਬਾਦਸ਼ਾਹ ਦੇ ਸਮੇਂ 1617 ਈ. ਵਿਚ ਵਸਾਈ ਸੀ। ਅੰਗਰੇਜ਼ਾਂ ਨੇ ਆਪਣੇ ਰਾਜਕਾਲ ਦੌਰਾਨ ਪੰਜਾਬ ਦੀ ਵਿਰਾਸਤ ਸੰਭਾਲਣ ਸਬੰਧੀ ਕੁਝ ਚੰਗੇ ਕੰਮ ਵੀ ਕੀਤੇ, ਜਿਵੇਂ ਕਿ ਸਰ ਰਿਚਰਡ ਟੈਂਪਲ (1850-1931 ਈ.)



ਪੰ. ਤਾਰਾ ਸਿੰਘ ਨਰੋਤਮ (1822-1891)
ਨਿਰਮਲੇ ਸਾਧੂ- ਆਪ ਉਨੀਵੀਂ ਸਦੀ ਦੇ ਬਹੁਤ ਵੱਡੇ ਵਿਦਵਾਨ ਸਨ।

ਨੇ ਏਥੇ ਦੀਆਂ ਲੋਕ-ਗਾਥਾਵਾਂ ਨੂੰ ਇਕੱਠਿਆਂ ਕਰ ਕੇ ''The Legends of the Punjab'' ਨਾਂ ਦੀ ਕਿਤਾਬ ਨਾਲ ਛਾਪ ਦਿੱਤਾ। ਭਾਸ਼ਾ ਵਿਭਾਗ ਪਟਿਆਲਾ ਨੇ ਗਿਆਨੀ ਲਾਲ ਸਿੰਘ ਜੀ ਡਾਇਰੈਕਟਰ ਰਹਿਣ ਸਮੇਂ ਚੰਗਾ ਕੰਮ ਇਹ ਕੀਤਾ ਕਿ ਉਹਦਾ ਪੰਜਾਬੀ ਉਲੱਥਾ ਕਰ ਕੇ ਉਸ ਨੂੰ ਛਾਪ ਦਿੱਤਾ। ਉਸ ਦਾ 54ਵਾਂ ਕਾਂਡ 178 ਸਫ਼ੇ 'ਤੇ ਹੈ- ਕੈਫ਼ੀਅਦ ਆਬਾਦੀ ਸ਼ੇਖ ਦਰਵੇਸ਼। ਅੰਗਰੇਜ਼ ਕਰਤਾ ਲਿਖਦਾ ਹੈ ਕਿ ਉਸ ਨੇ ਉਹ ਕਾਂਡ ਜਲੰਧਰ ਦੇ ਇਕ ਢਾਡੀ ਦੁਆਰਾ ਸੁਣਾਉਣ ਮੁਤਾਬਕ ਤਿਆਰ ਕੀਤਾ ਸੀ, ਜਿਸ ਦਾ ਪੰਦਰਵਾਂ ਛੰਦ ਕੁਝ ਇਸ ਤਰ੍ਹਾਂ ਹੈ:-

ਜਹਾਂਗੀਰ ਦਾ ਅਹਿਦ ਸੀ, ਔਰ ਸਨ ਸਾਦਸ ਸੌ ਛੱਬੀ
ਤਾਰੀਖ ਆਬਾਦੀ ਬਸਤੀ ਸ਼ੇਖ ਦੀ ਤਜ਼ਕਿਰਾ ਵਿਚੋਂ ਲੱਭੀ।
ਜਹਾਂਗੀਰ ਦਾ ਬੜਾ ਸ਼ਹਿਜ਼ਾਦਾ, ਜੋ ਸਾ ਸ਼ਾਹ ਜਹਾਨ,
ਵਜ਼ੀਰ ਆਜ਼ਮ ਦਾ ਉਸ ਦਾ, ਯਾਰੋ, ਮੀਆਂ ਸ਼ਾਦੁਲਹ ਖਾਂ।
ਮੁਰੀਦ ਸੱਚਾ ਸਾ ਹਜ਼ਰਤ ਦਾ, ਇਹ ਬੰਦਾ ਮੁਸਲਮਾਨ।
ਬਾਦਸ਼ਾਹ ਦੀ ਖਿਦਮਤ ਵਿਚ, ਯੂੰ ਕੀਤਾ ਉਸ ਬਿਆਨ।
''ਮੁਰਸ਼ਿਦ ਕਾਮਲ ਮੇਰਾ ਹੈ, ਗਾ ਹਜ਼ਰਤ ਸ਼ੇਖ ਦਰਵੇਜ਼;
ਜਲੰਧਰ ਦੇ ਇਲਾਕੇ ਵਿਚ ਰਹਿੰਦਾ ਉਹ ਹਮੇਸ਼।''

ਇਨ੍ਹਾਂ ਸਤਰਾਂ ਤੋਂ ਜਲੰਧਰ ਜਾਂ ਇਹਦੇ ਇਰਦ-ਗਿਰਦ ਸੋਲ੍ਹਵੀਂ-ਸਤਾਰਵੀਂ ਸਦੀ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਦਾ ਪਤਾ ਚਲਦਾ ਹੈ।

ਇਸ ਸ਼ਹਿਰ ਨੇ ਉਰਦੂ ਦੇ ਕੁਝ ਬੜੇ-ਬੜੇ ਸ਼ਾਇਰ ਪੈਦਾ ਕੀਤੇ ਹਨ, ਜਿਵੇਂ ਕਿ ਹਫ਼ੀਜ਼ ਜਲੰਧਰੀ, ਜਿਸ ਨੇ ਕਿ ਪਾਕਿਸਤਾਨ ਦੇ ਕੌਮੀ ਤਰਾਨੇ ਦੀ ਰਚਨਾ ਕੀਤੀ ਸੀ। ਉਨ੍ਹਾਂ ਦਾ ਮਕਾਨ ਇਥੇ ਕਿਧਰੇ ਇਮਾਮ ਨਾਸਰ ਦੇ ਮਜ਼ਾਰ ਦੇ ਨੇੜੇ ਹੁੰਦਾ ਸੀ। ਬਸਤੀ ਦਾਨਿਸ਼ਮੰਦਾਂ ਦੀ ਆਪਣੀ ਮਹੱਤਤਾ ਹੁੰਦੀ ਸੀ। ਇਸ ਦਾ ਅਜਿਹਾ ਨਾਂ ਵੀ ਤਾਂ ਹੀ ਰੱਖਿਆ ਸੀ ਕਿ ਏਥੇ ਦੇ ਵਸਨੀਕ ਬੜੇ ਸੁੱਘੜ-ਸਿਆਣੇ, ਦਾਨਿਸ਼ਵਰ ਲੋਕ (ਮਾਅਨਵੀ ਤੌਰ 'ਤੇ ਜ਼ਿਆਦਾ ਹੀ ਲਤੀਫ਼ ਅਕਲਮੰਦ) ਹੁੰਦੇ ਸਨ। ਇਥੇ ਦੀ ਵੱਡੀ ਪਛਾਣ ਮੌਲਾਨਾ ਗ੍ਰਾਮੀ ਸਨ, ਜਿਨ੍ਹਾਂ ਨੂੰ ਅਲਾਮਾ ਇਕਬਾਲ ਦੇ ਉਸਤਾਦ ਹੋਣ ਦਾ ਸ਼ਰਫ਼ ਹਾਸਲ ਹੈ। ਮਹਾਨ ਸ਼ਾਇਰ ਉਸ ਕੋਲ ਅਕਸਰ ਏਥੇ ਆਉਂਦਾ ਜਾਂਦਾ ਰਹਿੰਦਾ ਅਤੇ ਇਹ ਵੀ ਉਹਨੂੰ ਮਿਲਣ ਲਾਹੌਰ ਚਲੇ ਜਾਂਦੇ। ਫਾਰਸੀ ਦੇ ਵੱਡੇ-ਵੱਡੇ ਵਿਦਵਾਨ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਹਿੰਦੁਸਤਾਨ ਨੇ ਹਾਲੇ ਤੱਕ ਉਸ ਜਿੱਡਾ ਵੱਡਾ ਫਾਰਸੀ ਦਾਨ ਪੈਦਾ ਨਹੀਂ ਕੀਤਾ। ਬਸਤੀ ਸ਼ੇਖਾਂ ਨੇ ਤਾਂ ਸਿਰਾ ਹੀ ਕਰ ਦਿੱਤਾ। ਪੁਰਾਣੇ ਸਮਿਆਂ 'ਚ ਏਥੇ ਦੇ ਇਕ ਗੁਲਾਮ ਮੁਹੰਮਦ ਉਰਫ਼ ਗੁੱਲੂ (ਮ੍ਰਿਤੂ 1907) ਹੋਏ ਹਨ, ਜਿਹੜੇ ਬੜੇ ਵੱਡੇ ਭਲਵਾਨ ਸਨ। ਉਹ ਦੋ ਕੁਸ਼ਤੀਆਂ, ਕਾਲਾ ਨਾਗ ਜੰਗੀ ਭਲਵਾਨ ਜਿਹੜਾ ਆਪਣੇ ਪੱਟਾਂ ਨਾਲ ਪੰਜ-ਪੰਜ ਮਣ ਜੰਜ਼ੀਰ ਬੰਨ੍ਹ ਕੇ ਘੜੀਸਦਾ ਹੁੰਦਾ ਸੀ, ਨਾਲ ਘੁਲਿਆ। ਜਲੰਧਰ ਜਿੱਤ ਗਿਆ, ਪਰ ਸ਼ੰਕਰ ਵਾਲੀ ਹਾਰ ਗਿਆ। ਕਿੱਕਰ ਸਿੰਘ ਨਾਲ ਵੀ ਇਕ ਵੇਰ ਉਹ ਰਿਆਸਤ ਬਹਾਵਲਪੁਰ ਵਿੱਚ ਘੁਲਿਆ ਸੀ। ਕੁਝ ਲੋਕਾਂ ਦੇ ਖ਼ਿਆਲ ਅਨੁਸਾਰ ਉਹ ਛੇਵੀਂ ਪਾਤਸ਼ਾਹੀ ਦੇ ਮਹਾਨ ਮੱਲ ਪੈਂਦੇ ਖਾਂ ਦਾ ਕਰੀਬੀ ਰਿਸ਼ਤੇਦਾਰ ਸੀ। ਹਿੰਦੁਸਤਾਨੀ ਕੁਸ਼ਤੀ ਦੇ ਇਤਿਹਾਸ 'ਚ ਉਹ ਇੱਕੋ-ਇੱਕ ਅਜਿਹਾ ਪਹਿਲਵਾਨ ਹੈ, ਜਿਸ ਬਾਰੇ ਫਾਰਸੀ ਦਾ ਇਹ ਮੁਹਾਵਰਾ ਅਜੇ ਤਕ ਵੀ ਪ੍ਰਚੱਲਤ ਹੈ:

''ਜ਼ਮੀਂ ਜੁੰਬਦ ਬਜੁੰਬਦ-ਨ ਜੁੰਬੱਦ ਗੁੱਲ ਮੁਹੰਮਦ।''

ਭਾਵ ਕਿ ਅਜੇ ਜ਼ਮੀਨ ਹਿੱਲ ਜਾਏ ਤਾਂ ਹਿੱਲ ਜਾਏ, ਗੁੱਲੂ ਨੂੰ ਕੋਈ ਨਹੀਂ ਹਿਲਾ ਸਕਦਾ। ਇਸ ਮੁਹਾਵਰੇ ਦਾ ਪਿਛੋਕੜ ਇਹ ਹੈ ਕਿ ਇਥੋਂ ਦਾ ਇਕ ਖਲੀਫ਼ਾ ਇਬਰਾਹੀਮ ਖਾਂ, ਉਹਦੀ ਕੁਸ਼ਤੀ ਦੀ ਲੜੰਤ ਤੋਂ ਬੜਾ ਪ੍ਰਭਾਵਿਤ ਸੀ। ਉਹਦੀ ਤਾਕਤ ਬਾਰੇ ਉਸ ਨੇ ਜਿਉਂ ਹੀ ਇਹ ਸ਼ਿਅਰ ਉਚਾਰਿਆ, ਉਸ ਪਿਛੋਂ ਇਹ ਐਨਾ ਮਕਬੂਲ ਹੋਇਆ ਕਿ ਇਕ ਮੁਹਾਵਰੇ ਦਾ ਰੂਪ ਧਾਰਨ ਕਰ ਗਿਆ। ਗੁੱਲੂ ਦੀ ਜਦ ਕਿਧਰੇ ਵੀ ਗੱਲ ਛਿੜਦੀ, ਲੋਕੀਂ ਇਸ ਮੁਹਾਵਰੇ ਨੂੰ ਜ਼ਰੂਰ ਦੁਹਰਾਉਂਦੇ।

ਏਸੇ ਬਸਤੀ ਨੇ ਕ੍ਰਿਕਟ ਦੇ ਖੇਤਰ ਵਿਚ ਵੀ ਬੜੇ ਬੜੇ ਖਿਡਾਰੀ ਪੈਦਾ ਕੀਤੇ ਹਨ। ਅੰਤਰਰਾਸ਼ਟਰੀ ਖਿਡਾਰੀ ਇਮਰਾਨ ਖਾਨ ਦੇ ਪੁਰਖਾਂ ਦਾ ਸਬੰਧ ਵੀ ਏਸੇ ਬਸਤੀ ਨਾਲ ਰਿਹਾ। ਪਾਕਿਸਤਾਨ ਬਣਿਆ ਤਾਂ ਇਹ ਪਰਿਵਾਰ ਏਥੋਂ ਉੱਠ ਕੇ ਹੀ ਓਧਰ ਗਿਆ ਸੀ। ਪੁਰਾਣੀ ਗੱਲ ਹੈ, ਏਥੇ ਦਾ ਇਕ ਵਾਸੀ ਡਾ. ਜਹਾਂਗੀਰ ਖਾਂ (ਜਨਮ 1910-1988) ਹੁੰਦਾ ਸੀ। ਚਾਰ ਜੁਲਾਈ

1936 ਦੀ ਗੱਲ ਹੈ। ਉਸ ਦਿਨ ਉਹ ਕੈਂਬਰਿਜ ਯੂਨੀਵਰਸਿਟੀ ਵਲੋਂ ਐਮ.ਸੀ.ਸੀ. ਦੇ ਖ਼ਿਲਾਫ਼ ਮੈਚ ਖੇਡ ਰਿਹਾ ਸੀ। ਮੈਚ ਦੌਰਾਨ ਉਹਦੀ ਜ਼ਿੰਦਗੀ 'ਚ ਇਕ ਅਜਿਹਾ ਵਾਕਿਆ ਪੇਸ਼ ਆਇਆ ਜਿਸ ਕਾਰਨ ਉਹਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਇੰਗਲੈਂਡ ਦਾ ਮਸ਼ਹੂਰ ਖਿਡਾਰੀ ਪੀਟਰਸਨ ਗੇਂਦਬਾਜ਼ੀ ਕਰ ਰਿਹਾ ਸੀ। ਜਹਾਂਗੀਰ ਨੇ ਅੱਗੋਂ ਗੇਂਦ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਅਜਿਹਾ ਹਿੱਟ ਕੀਤਾ ਕਿ ਉਹ ਅਸਮਾਨ 'ਚ ਉੜ ਰਹੀ ਇਕ ਚਿੜੀ ਨਾਲ ਟਕਰਾਈ, ਜਿਸ ਨਾਲ ਚਿੜੀ ਥਹੇਂ ਹੀ ਮਰ ਕੇ ਥੱਲੇ ਡਿੱਗ ਪਈ। ਉਸ ਤਾਰੀਖੀ ਹਾਦਸੇ 'ਚ ਇਸ ਤਰ੍ਹਾਂ ਮਰੀ ਉਸ ਚਿੜੀ ਨੂੰ ਲਾਰਡਜ਼ ਗਰਾਊਂਡ ਲੰਡਨ ਦੀ ਮਿਊਜ਼ੀਅਮ 'ਚ ਸਾਂਭ ਕੇ ਹਾਲੇ ਵੀ ਰੱਖਿਆ ਹੋਇਆ ਹੈ, ਜਿਹੜੀ ਕਿ ਅੱਜ ਵੀ ਓਥੇ ਦੇਖੀ ਜਾ ਸਕਦੀ ਹੈ। ਜਿੱਥੋਂ ਤੱਕ ਮੇਰਾ ਖ਼ਿਆਲ ਹੈ, ਜਦੋਂ ਪਾਕਿਸਤਾਨ ਬਣਿਆ, ਉਦੋਂ ਡਾ. ਜਹਾਂਗੀਰ ਖਾਂ ਗੌਰਮਿੰਟ ਕਾਲਜ ਲੁਧਿਆਣੇ ਦਾ ਪ੍ਰਿੰਸੀਪਲ ਸੀ। ਪਿਛੋਂ ਉਹ ਲਾਹੌਰ ਚਲੇ ਗਿਆ, ਜਿੱਥੇ 1988 ਵਿਚ ਉਸ ਦੀ ਮੌਤ ਹੋ ਗਈ। ਇਮਰਾਨ ਖਾਂ ਅਜਿਹਾ ਵਿਅਕਤੀ ਹੈ, ਕ੍ਰਿਕਟ 'ਚ ਜਿਸ ਨੇ ਆਲਮੀ ਰਿਕਾਰਡ ਰੱਖੇ, ਪਾਕਿਸਤਾਨ ਨੂੰ ਆਲਮੀ ਵਿਜੇਤਾ ਵੀ ਬਣਾਇਆ ਤੇ ਪਾਕਿਸਤਾਨ ਦਾ ਵਜ਼ੀਰ-ਏ-ਆਜ਼ਮ ਵੀ ਬਣਿਆ।

ਕੱਵਾਲੀ ਦੀ ਗੱਲ ਕਰਨੀ ਹੋਵੇ ਤਾਂ ਏਥੇ ਦੇ ਕੱਵਾਲਾਂ ਦਾ ਵੀ ਕੋਈ ਸਾਨੀ ਨਹੀਂ ਸੀ। ਉਹ ਸਾਰੇ ਬਸਤੀ ਸ਼ੇਖਾਂ ਦੇ ਹੀ ਵਸਨੀਕ ਸਨ। ਉਸਤਾਦ ਮੁਬਾਰਕ ਅਲੀ ਖਾਂ ਫਤਿਹ ਅਲੀ, ਦੀਨਾ ਕੱਵਾਲ ਇਸ ਖੇਤਰ ਦੇ ਬਹੁਤ ਵੱਡੇ-ਵੱਡਾ ਨਾਂ ਸਨ। ਅਗਾਂਹ ਫਿਰ ਉਸਤਾਦ ਨੁਸਰਤ ਅਲੀ ਖਾਂ ਨੇ ਤਾਂ ਸਭ ਹੱਦਾਂ ਬੰਨੇ ਤੋੜ ਦਿੱਤੇ। ਆਪਣੇ ਫ਼ਨ ਦਾ ਲੋਹਾ ਸਾਰੀ ਦੁਨੀਆ 'ਚ ਮੰਨਵਾਇਆ। ਇਸੇ ਟੱਬਰ 'ਚੋਂ ਹੀ ਇਕ ਦੀਨਾ ਕੱਵਾਲ ਜਿਸ ਦੀ ਮੌਤ ਪਾਕਿਸਤਾਨ ਬਣਨ ਤੋਂ ਇਕ ਸਾਲ ਪਹਿਲਾਂ ਹੋ ਗਈ ਸੀ। ਆਪਣੇ ਇਕ ਤਵੇ 'ਚ ਆਪਣਾ ਸਰਨਾਮਾ ਇਸ ਤਰ੍ਹਾਂ ਦੱਸਦਾ ਹੁੰਦਾ ਸੀ:

ਦੀਨੇ ਦੀ ਕੋਠੀ ਚਢਾਲ (ਟੋਭਾ) ਸਾਹਮਣੇ
ਸੌਦੇ ਵਿਕਦੇ ਸਰਾਂ ਦੇ ਬਾਜ਼ਾਰ ਸਾਹਮਣੇ।
ਪੜ੍ਹ ਕੇ ਕਬਰਸਤਾਨ ਵਿਚੋਂ ਨਾਗ ਨਿਕਲੇ
ਇੱਕ ਕਬਰ ਦੇ ਵਿਚੋਂ ਆਵਾਜ਼ ਨਿਕਲੇ
ਲੰਘ ਜਾਣਾ ਸਾਡੇ ਵੀ ਮਜ਼ਾਰ ਸਾਹਮਣੇ।

**ਜੰਡੂ ਸਿੰਘਾ**

ਜੰਡੂ ਸਿੰਘਾ ਤਾਂ ਪਿੰਡ ਪੁਰਾਣਾ
ਲੋਕੀਂ ਨਵੇਂ ਨਰੋਏ।
ਇਕ ਪਾਸੇ ਤਾਂ ਸੜਕ ਬਲੌਰੀ,
ਦੂਜੇ ਟਿੱਬੇ ਟੋਏ।
ਇਕ ਪਾਸੇ ਤਾਂ ਵਿਕਣ ਪਕੌੜੇ
ਦੂਜੇ ਪਾਸੇ ਖੋਏ।
ਨੀ ਸਹੁਰੀਂ ਚਲ ਕੁੜੀਏ
ਦਿਨ ਜਾਣ ਦੇ ਹੋਏ। ਨੀ ਸਹੁਰੀਂ...

ਜਲੰਧਰ ਦੀਆਂ ਇਕ-ਦੋ ਬਸਤੀਆਂ ਦੀ, ਦੋ ਟੁਕੜਿਆਂ ਦੀ ਅਸੀਂ ਤੁਹਾਨੂੰ ਛੋਟੀ ਜਿਹੀ ਝਲਕ ਦਿਖਾ ਦਿੱਤੀ ਹੈ। ਸਮੂਹ ਸ਼ਹਿਰ ਦੀ ਵਿਰਾਸਤ ਕਿੰਨੀ ਕੁ ਅਮੀਰ ਹੋਊ, ਉਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ। ਆਓ, ਤੁਹਾਨੂੰ ਹੁਣ ਅਸੀਂ ਜਲੰਧਰ ਜ਼ਿਲ੍ਹੇ ਦੇ ਕੁਝ ਦੂਜੇ-ਤੀਜੇ ਸ਼ਹਿਰਾਂ ਕਸਬਿਆਂ ਦੀ ਸੈਰ ਵੀ ਕਰਵਾ ਦੇਈਏ।



ਡਾ. ਐਮ.ਐਸ. ਰੰਧਾਵਾ, ਜਿਨ੍ਹਾਂ ਦਾ ਪੰਜਾਬ ਦੇ ਸਭਿਆਚਾਰਕ ਵਿਕਾਸ ਵਿਚ ਵਿਸ਼ੇਸ਼ ਹੱਥ ਹੈ, ਪੰਜਾਬੀ ਦੇ ਦੋ ਮੋਹਾਨ ਸਪੂਤਾਂ- ਪ੍ਰੋ. ਮੋਹਨ ਸਿੰਘ ਅਤੇ ਸ੍ਰੀ ਬਲਰਾਜ ਸਾਹਨੀ ਨੂੰ ਪੰਜਾਬ ਦਾ ਭਵਿਖ ਦਰਸਾ ਰਹੇ ਹਨ। ਪ੍ਰੇਰਨਾ ਦਾ ਪ੍ਰਭਾਵ ਦੋਹਾਂ ਦੇ ਚਿਹਰਿਆਂ 'ਤੇ ਪ੍ਰਤੱਖ ਦਿਖਾਈ ਦਿੰਦਾ ਹੈ।

**ਹੁਸ਼ਿਆਰਪੁਰ**: ਇਹ ਜ਼ਿਲ੍ਹਾ ਅੰਬਾਂ ਦਾ ਗੜ੍ਹ ਮਿਥਿਆ ਜਾਂਦਾ ਸੀ ਅਤੇ ਸੀ ਵੀ ਪੜ੍ਹਾਈ ਵਿਚ ਸਭ ਤੋਂ ਅੱਗੇ। ਇਸ ਨੂੰ 'The Garden of The Punjab' ਕਰ ਕੇ ਜਾਣਿਆ ਜਾਂਦਾ ਸੀ। ਅੰਬ ਉਂਝ ਤਾਂ ਅੰਬਾਲੇ ਵਿਚ ਵੀ ਹੁੰਦੇ ਸਨ ਅਤੇ ਦੁਆਬੇ ਦੇ ਕੁਝ ਹੋਰ ਹਿੱਸਿਆਂ ਵਿਚ ਵੀ, ਪਰ ਅਸਲ ਵਿਚ ਅੰਬਾਂ ਦਾ ਗੜ੍ਹ ਮਾਹਲਪੁਰ ਤੋਂ ਲੈ ਕੇ ਗੜ੍ਹਦੀਵਾਲੇ ਤਕ ਦਾ ਇਲਾਕਾ ਹੀ ਸੀ, ਜਿਹੜਾ ਲਗਭਗ ਪੱਚੀ ਕੋਹਾਂ ਵਿਚ ਸੀ। ਇਸ ਸ਼ਹਿਰ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਸ ਦੀ ਹੱਦ ਦੇ ਵਿਚ ਹੀ ਕਸਬਾ ਬਜਵਾੜਾ ਆਉਂਦਾ ਹੈ, ਜਿੱਥੋਂ ਦੇ ਸੰਗੀਤ ਸਮਰਾਟ ਮੀਆਂ ਤਾਨਸੇਨ ਦਾ ਮੁਕਾਬਲਾ ਕਰਨ ਵਾਲੇ ਬੈਜੂ ਬਾਵਰਾ ਹੋਏ ਹਨ, ਜਿਸ ਕਰਕੇ ਇਸ ਦਾ ਨਾਂ ਬੈਜੂ ਬਾਵਰਾ, ਫਿਰ ਬੈਜੂਵਾੜਾ ਅਤੇ ਫਿਰ ਬਜਵਾੜਾ ਬਣ ਗਿਆ। 1857 ਵਾਲੇ ਗ਼ਦਰ ਦੌਰਾਨ ਮਾਹਲਪੁਰ ਬਾਰੇ ਇਹ ਅਖਾਣ ਬੜਾ ਪ੍ਰਸਿੱਧ ਹੋਇਆ ਸੀ:

ਮਾਹਲਪੁਰ ਮਾਰੂ ਵੱਜਿਆ ਤੇ ਜੇਜੋਂ ਵੱਜੀ ਡਫ।

ਇਹ ਇਲਾਕਾ ਖਾਣ-ਪੀਣ ਦੀਆਂ ਚੀਜ਼ਾਂ ਦੀ ਉਪਜ ਪੱਖੋਂ ਅਤੇ ਸਾਹਿਤਕ ਪ੍ਰੰਪਰਾ ਪੱਖੋਂ ਵੀ ਬੜਾ ਜ਼ਰਖ਼ੇਜ਼ ਰਿਹਾ ਹੈ। ਇਸ ਸਮੁੱਚੇ ਇਲਾਕੇ ਨੇ ਬੜੇ-ਬੜੇ ਦਾਨਿਸ਼ਵਰ ਅਤੇ ਸ਼ਾਇਰ ਪੈਦਾ ਕੀਤੇ ਹਨ। ਪੰਜਾਬੀ ਦੇ ਮੁੱਢਲੇ ਭੰਡਾਰ ਵਿੱਚ ਕਿੱਸਾ ਸਾਹਿਤ ਦੀ ਭਰਮਾਰ ਪਾਈ ਜਾਂਦੀ ਹੈ। ਪੁਰਾਣੇ ਸਮਿਆਂ 'ਚ ਕਿੱਸਾ 'ਰੂਪ ਬਸੰਤ' ਬੇਹੱਦ ਮਕਬੂਲ ਹੁੰਦਾ ਸੀ, ਜਿਸ ਦੇ ਕਰਤਾ ਸ਼ਿਵ ਦਿਆਲ ਸੂਦ ਏਥੋਂ ਦੇ ਬਾਜ਼ਾਰ ਨੱਥੂ ਰਾਮ ਦੇ ਵਸਨੀਕ ਸਨ। ਪੁਰਾਣੇ ਸਮਿਆਂ 'ਚ ਇਕ ਨਿਰਮਲੇ ਸੰਤ ਹੋਏ ਹਨ, ਜਿਹੜੇ ਕਿ ਪਟਿਆਲਾ ਰਿਆਸਤ ਦੀ ਜ਼ੀਨਤ ਬਣੇ ਰਹੇ। ਉਹ ਏਥੋਂ ਦੇ

ਪ੍ਰਸਿੱਧ ਧਰਮਧੁਜ ਅਖਾੜੇ ਦੇ ਬਾਨੀ ਸਨ। ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਉਨ੍ਹਾਂ ਦਾ ਸਸਕਾਰ ਰਿਆਸਤੀ ਤੋਪਾਂ ਦੀ ਸਲਾਮੀ ਨਾਲ ਪੂਰੀ ਸੱਜ-ਧੱਜ ਨਾਲ ਕੀਤਾ ਗਿਆ ਸੀ। ਸਾਡੀ ਮੁਰਾਦ ਪ੍ਰਸਿੱਧ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ (1822-1891) ਜੀ ਤੋਂ ਹੈ। ਉਹ ਖੁੱਡਾ ਕੁਰਾਲਾ ਦੇ ਵਸਨੀਕ ਸਨ ਅਤੇ 'ਗੁਰ ਤੀਰਥ ਸੰਗ੍ਰਹਿ' ਦੇ ਕਰਤਾ ਵੀ। ਉਨ੍ਹਾਂ ਦੀ ਵਿਦਵਤਾ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਵਿਦਵਾਨਾਂ ਨੂੰ ਉਨ੍ਹਾਂ ਦਾ ਟੀਕਾ 'ਸ੍ਰੀ ਰਾਗ' ਜ਼ਰੂਰ ਪੜ੍ਹਨਾ ਚਾਹੀਦਾ ਹੈ, ਜਿਸ ਦੀ ਇਕ ਕਾਪੀ ਡਾ. ਬਲਬੀਰ ਸਿੰਘ ਸਦਨ ਦੇਹਰਾਦੂਨ ਵਿਚ ਸੁਰੱਖਿਅਤ ਹੈ। ਓਸੇ ਦੀ ਇਕ ਅੱਧ ਕਾਪੀ ਉਨ੍ਹਾਂ ਦੇ ਪਿੰਡ ਦੇ ਡੇਰੇ 'ਤੇ ਵੀ ਸਾਂਭੀ ਪਈ ਹੋਵੇ, ਪੱਕਾ ਨਹੀਂ ਕਿਹਾ ਜਾ ਸਕਦਾ। ਖੁੱਡੇ ਤੋਂ ਦਸੂਹਾ ਅਤੇ ਮੁਕੇਰੀਆਂ ਵੀ ਬਹੁਤੇ ਦੂਰ ਨਹੀਂ, ਉਹ ਵੀ ਜਲੰਧਰ-ਪਠਾਨਕੋਟ ਸੜਕ 'ਤੇ ਹੀ ਸਥਿਤ ਹਨ। ਏਥੋਂ ਦੇ ਮਟਕ ਚੰਦ, ਦੁਨੀ ਰਾਮ ਅਤੇ ਹਰੀਆ ਸਿੱਖ ਦੌਰ ਦੇ ਬੜੇ ਪ੍ਰਸਿੱਧ ਕਵੀ ਹੋਏ ਹਨ। ਸੁਣਿਆ ਹੈ ਕਿ 'ਮਟਕ' ਦੀ ਇਕ ਅੱਧ ਕਿਰਤ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ 'ਚ ਮਿਲਦੀ ਹੈ। ਦੁਨੀ ਅਤੇ ਹਰੀਏ ਦੀਆਂ ਨਹੀਂ। ਦੇਖੋ ਮਟਕ ਆਪਣੀ ਇਕ ਕਿਰਤ ਵਿਚ ਉਨ੍ਹਾਂ ਦਾ ਜ਼ਿਕਰ ਕਿਵੇਂ ਕਰਦਾ ਹੈ:

ਮਟਕ ਮੁਕੇਰੀਂ, ਦੁਨੀ ਦਸੂਹੇ,
ਹਰੀਆ ਵਿਚ ਹਰਿਆਣੇ
ਸਭ ਜੱਗ ਜਾਣੇ।

ਇਨ੍ਹਾਂ ਸਤਰਾਂ ਵਿਚ ਦਰਜ ਕੀਤੇ ਗਏ ਹਰਿਆਣੇ ਦੀ ਮੁੱਖ ਪਛਾਣ ਇਹ ਹੈ ਕਿ ਮੀਆਂ ਤਾਨਸੇਨ ਅਤੇ ਬੈਜੂ ਬਾਵਰਾ ਦੇ ਵਿੱਦਿਆਦਾਤਾ ਸਵਾਮੀ ਹਰੀ ਦਾਸ ਜੀ ਏਥੇ ਦੇ ਹੀ ਵਸਨੀਕ ਸਨ ਅਤੇ ਇਸ ਸ਼ਹਿਰ ਦਾ ਨਾਂ ਵੀ ਉਨ੍ਹਾਂ ਦੇ ਨਾਂ 'ਤੇ ਹੀ ਨਾਪਿਆ ਗਿਆ ਸੀ। ਪੰਜਾਬ ਦੀ ਤਾਰੀਖ ਦੇ ਬਹੁਤ ਵੱਡੇ ਤਾਰੀਖਦਾਨ, ਸਿੱਖ ਇਤਿਹਾਸ ਦੇ ਪਿਤਾਮਾ ਡਾ. ਗੰਡਾ ਸਿੰਘ (1900-1987) ਜੀ ਵੀ ਏਥੋਂ ਦੇ ਹੀ ਜੰਮਪਲ ਸਨ। ਅਸੀਂ ਇਕ ਗ਼ਲਤੀ ਕਰ ਗਏ। ਦਸੂਹੇ ਦੁਆਲੇ ਘੁੰਮ ਰਹੇ ਸਾਂ, ਮੂੰਹ ਚੁੱਕੀ ਹਰਿਆਣੇ ਆਣ ਵੜੇ। ਬੋਦਲਾਂ ਗਰੂਨਾ ਸਾਹਿਬ, ਜਿੱਥੇ ਇਕ ਵੇਰ ਸ੍ਰੀ ਹਰਿਗੋਬਿੰਦ ਸਾਹਿਬ ਆਏ ਸਨ, ਇਸ ਪਿੰਡ ਨੂੰ ਉਹ ਵਰ ਦੇ ਗਏ ਸਨ। ਅੱਗੋਂ ਫਿਰ ਵੀਹਵੀਂ ਸਦੀ 'ਚ ਏਥੋਂ ਦੇ ਇਕ ਡਾ. ਐਮ.ਐਸ. ਰੰਧਾਵਾ ਸਾਹਿਬ ਹੋਏ ਹਨ, ਜਿਹੜੇ ਪੰਜਾਬੀ ਸਭਿਆਚਾਰ ਦੇ ਬਹੁਤ ਵੱਡੇ ਸ਼ੈਦਾਈ ਸਨ। ਪੰਜਾਬ ਪ੍ਰਤੀ, ਦੇਸ਼ ਪ੍ਰਤੀ, ਜਿਹੜੀਆਂ ਉਨ੍ਹਾਂ ਦੀਆਂ ਸੇਵਾਵਾਂ ਹਨ, ਉਹ ਬਹੁਤ-ਬਹੁਤ ਵੱਡੀਆਂ ਹਨ, ਜਿਨ੍ਹਾਂ ਦਾ ਲੇਖਾ-ਜੋਖਾ ਕਰਨ ਲਈ ਕਈ ਕਿਤਾਬਾਂ ਦਾ ਕੰਮ ਹੈ।

ਉਨ੍ਹਾਂ ਵਲੋਂ ਲਿਖੀਆਂ ਗਈਆਂ ਕਿਤਾਬਾਂ ਦੀ ਫ਼ਿਹਰਸਤ ਬੜੀ ਲੰਮੀ-ਚੌੜੀ ਹੈ। ਸਾਹਿਤ ਦੀ ਉਹ ਕਿਹੜੀ ਸਿਨਫ ਹੈ, ਜਿਸ 'ਤੇ ਉਨ੍ਹਾਂ ਨੇ ਕਲਮ ਅਜ਼ਮਾਈ ਨਾ ਕੀਤੀ ਹੋਵੇ। ਲੋਕੀਂ ਤਾਂ ਕਿਤਾਬਾਂ ਲਿਖਦੇ ਹਨ, ਪਰ ਕਈ ਵੇਰ ਤਾਂ ਵੀ ਉਹ ਗੱਲ ਨਹੀਂ ਬਣਦੀ। ਉਨ੍ਹਾਂ ਦੀ ਰੂਹ ਦੀ ਫਿਰਤ ਕਿਹੜੀਆਂ-ਕਿਹੜੀਆਂ ਅਸਮਾਨੀ ਬੁਲੰਦੀਆਂ ਨੂੰ ਛੋਂਹਦੀ ਹੈ, ਉਸ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਉਨ੍ਹਾਂ ਦਾ ਸਿਰਫ਼ ਇਕੋ ਲੇਖ 'ਮੇਰਾ ਪਿੰਡ' ਪੜ੍ਹ ਲਓ, ਤੁਹਾਡੀ ਰੂਹ ਤ੍ਰਿਪਤ ਹੋ ਜਾਏਗੀ। ਬੜੀ ਗੱਲ ਨਹੀਂ ਕਿ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਪ੍ਰਸਿੱਧ ਕਿਤਾਬ 'ਮੇਰਾ ਪਿੰਡ' ਉਨ੍ਹਾਂ ਦੇ ਉਸ ਲੇਖ ਤੋਂ ਪ੍ਰੇਰਿਤ ਹੋ ਕੇ ਹੀ ਲਿਖੀ ਹੋਵੇ। ਇਕ ਵਰ ਦਿੱਲੀ ਵਿਚ ਬੁੱਧੀਜੀਵੀਆਂ ਦੇ ਇਕ ਵੱਡੇ ਇਕੱਠ ਵਿਚ ਗੱਲ ਚੱਲੀ। ਕਈਆਂ ਦਾ ਖ਼ਿਆਲ ਸੀ ਕਿ ਵੀਹਵੀਂ ਸਦੀ ਦਾ ਉਹ ਸਭ ਤੋਂ ਵੱਡਾ ਪੰਜਾਬੀ ਸੀ। ਉਨ੍ਹਾਂ ਦੀ ਦੇਣ ਨੂੰ, ਉਨ੍ਹਾਂ ਦੀ ਪ੍ਰਤਿਭਾ ਨੂੰ ਦੇਸ਼ ਭਰ ਦਾ ਵੱਡੇ ਤੋਂ ਵੱਡਾ ਉਹ ਕਿਹੜਾ ਲੀਡਰ ਸੀ- ਪੰਡਿਤ ਜਵਾਹਰ ਲਾਲ ਨਹਿਰੂ, ਡਾ. ਰਾਜਿੰਦਰ ਪ੍ਰਸਾਦ, ਸਰਦਾਰ ਪ੍ਰਤਾਪ ਸਿੰਘ ਕੈਰੋਂ- ਜਿਹੜਾ ਉਨ੍ਹਾਂ ਦਾ ਕਾਇਲ ਨਹੀਂ ਸੀ? ਉਨ੍ਹਾਂ ਦੇ ਮਨ ਵਿਚ ਵੀ ਕਦੇ ਨਾ ਆਇਆ ਕਿ ਜਿਸ ਦਿੱਲੀ ਦੇ ਤਖ਼ਤ 'ਤੇ ਬੈਠ ਕੇ ਅਸੀਂ ਰਾਜ ਕਰ ਰਹੇ ਹਾਂ, 1947 ਦੇ ਝੱਖੜੀ ਦੰਗਿਆਂ ਦੌਰਾਨ ਬੰਬਾਂ ਤੋਂ ਬਚਾਉਣ ਵਾਲਾ ਇਹ ਵਿਅਕਤੀ ਹੀ ਸੀ। ਵਿਦੇਸ਼ੀ ਵਿਦਵਾਨਾਂ ਵਿਚੋਂ ਵੀ ਉਨ੍ਹਾਂ ਦੇ ਕਈ ਮੁਦਾਹ ਸਨ। ਖ਼ਾਸ ਕਰ ਕੇ ਬ੍ਰਿਟਿਸ਼ ਮਿਊਜ਼ੀਅਮ ਲੰਡਣ ਵਾਲੇ ਕਲਾ-ਪ੍ਰੇਮੀ ਆਰਚਰ (ਜਿਹੜੇ ਮੀਆਂ-ਬੀਵੀ ਇੰਡੀਆ ਜਾ ਕੇ ਕਈ-ਕਈ ਦਿਨ ਉਨ੍ਹਾਂ ਦੇ ਮਹਿਮਾਨ ਵਜੋਂ ਖਰੜ ਠਹਿਰਦੇ ਰਹੇ)- ਇਹ ਸਭ ਲੋਕ ਉਨ੍ਹਾਂ ਦੀ ਸ਼ਖ਼ਸੀਅਤ ਦੇ ਕੱਦ-ਬੁੱਤ ਬਾਰੇ ਭਲੀ-ਭਾਂਤ ਵਾਕਿਫ਼ ਸਨ, ਏਹੋ ਵਿਅਕਤੀ ਸਨ, ਜਿਹੜੇ ਉਨ੍ਹਾਂ ਦੀ ਲਾਸਾਨੀ ਮਨੁੱਖੀ ਦੇਣ ਪ੍ਰਤੀ ਨੋਬਲ ਪ੍ਰਾਈਜ਼ ਦੇਣ ਵਾਲਿਆਂ ਨੂੰ ਜਾਣੂ ਕਰਵਾ ਸਕਦੇ ਸਨ, ਪਰ ਅਫ਼ਸੋਸ ਕਿ ਸਭ ਨੂੰ ਆਪਣੀ-ਆਪਣੀ ਪਈ ਹੋਈ ਸੀ। ਮੇਰੀ ਬੇਟੀ ਦੇ ਵਿਆਹ 'ਤੇ ਕੁਝ ਮਹਿਮਾਨ ਇੰਡੀਆ ਤੋਂ ਵੀ ਆਏ, ਜਿਨ੍ਹਾਂ ਵਿਚੋਂ ਖ਼ਾਸ ਨੇ- ਡਾ. ਗੁਰਦਿਆਲ ਸਿੰਘ ਫੁਲ ਅਤੇ ਸਰਦਾਰ ਮਾਂਗਟ ਸਾਹਿਬ। ਮਾਂਗਟ ਸਾਹਿਬ ਉਨ੍ਹੀਂ ਦਿਨੀਂ ਪੰਜਾਬ ਖੇਡ ਪਰੀਸ਼ਦ ਦੇ ਡਾਇਰੈਕਟਰ ਸਨ। ਡਾ. ਰੰਧਾਵਾ ਸਾਹਿਬ ਦੀ ਧਰਮ ਪਤਨੀ ਦੇ ਉਹ ਭਾਈ ਸਨ। ਅਜਿਹੀ ਸੁਹਾਵਣੀ ਮੁਲਾਕਾਤ ਸਮੇਂ ਰੰਧਾਵਾ ਸਾਹਿਬ ਨੂੰ ਯਾਦ ਕਰਨਾ ਕੁਦਰਤੀ ਗੱਲ ਸੀ। ''ਭਾ ਜੀ, ਰੰਧਾਵਾ ਸਾਹਿਬ ਦੀ ਨਰਗਸੀ ਸ਼ਖ਼ਸੀਅਤ ਦੇ ਅਨੇਕ ਪਹਿਲੂ ਸਨ। ਚੰਡੀਗੜ੍ਹ ਉਨ੍ਹਾਂ ਨੇ ਪੂਰੀ ਰੀਝ ਨਾਲ ਉਲੀਕਿਆ, ਉਸਾਰਿਆ, ਆਬਾਦ ਕੀਤਾ, ਕਈ ਲਿਖਾਰੀਆਂ, ਕਲਾਕਾਰਾਂ, ਚਿਤਰਕਾਰਾਂ ਆਦਿ ਨੂੰ ਪਲਾਟ ਵੰਡੇ, ਪਰ ਆਪ ਓਥੇ ਕੋਈ ਵੀ ਨਾ ਲਿਆ। ਉਨ੍ਹਾਂ ਦੀ ਥਾਂ ਜੇਕਰ ਕੋਈ ਹੋਰ ਬੰਦਾ ਹੁੰਦਾ ਤਾਂ ਪਹਿਲਾਂ ਆਪਣੇ ਨਾਂ 'ਤੇ ਕਈ ਪਲਾਟ ਕਰਦਾ, ਫਿਰ ਆਪਣੇ ਰਿਸ਼ਤੇਦਾਰਾਂ ਦੇ ਨਾਵਾਂ 'ਤੇ। ਉਹ ਤਾਂ ਖਰੜ ਆਪਣੇ ਫਾਰਮ 'ਤੇ ਰਹਿੰਦੇ ਰਹੇ ਅਤੇ ਤੁਸੀਂ ਵੀ ਓਥੇ ਕਿਲ੍ਹੇ ਦੇ ਐਨ ਸਾਹਮਣੇ ਇਕ ਵਿਸ਼ਾਲ ਕੋਠੀ ਪਾ ਲਈ, ਚੰਡੀਗੜ੍ਹ ਨਹੀਂ। ਕੀ ਗੱਲ?''

''ਓ ਯਾਰ, ਉਨ੍ਹਾਂ ਦੀ ਆਤਮਾ ਉਨ੍ਹਾਂ ਦੀ ਰੂਹ ਹੀ ਕੁੱਝ ਹੋਰ ਸੀ। ਉਨ੍ਹਾਂ ਦੇ ਦਿਮਾਗ ਵਿਚ ਕਦੇ ਇਹ ਗੱਲ ਨਾ ਆਈ ਕਿ ਮੈਂ ਆਪਣੀ ਪੋਜੀਸ਼ਨ ਦਾ ਕੋਈ ਗ਼ਲਤ ਇਸਤੇਮਾਲ ਕਰਾਂ। ਰੱਜੀ ਰੂਹ ਦੇ ਸੁਆਮੀ ਸਨ। ਰਿਹਾ ਮੇਰਾ- ਓਨੇ ਪੈਸਿਆਂ ਦੇ ਨਾਲ ਚੰਡੀਗੜ੍ਹ ਸਿਰਫ਼ ਇਕ ਪਲਾਟ ਆਉਣਾ ਸੀ, ਪਰ ਏਥੇ ਨਾਲ ਲਗਦੇ ਕੁਝ ਖੇਤ ਵੀ ਮਿਲ ਗਏ। ਨਾਲੇ ਏਥੇ ਸਾਡੇ ਭੈਣ ਜੀ ਜੁ ਸਨ!!''

ਖ਼ੈਰ! ਡਾ. ਰੰਧਾਵਾ ਸਾਹਿਬ ਬਾਰੇ ਚੰਗਾ ਕੰਮ ਇਹ ਹੋਇਆ ਕਿ ਸਾਡੇ ਪਰਮ ਮਿੱਤਰ ਗੁਲਜ਼ਾਰ ਸਿੰਘ ਸੰਧੂ ਨੇ ਰਸਮਿ-ਵਫ਼ਾ ਨਿਭਾਉਂਦਿਆਂ ਉਨ੍ਹਾਂ ਦੀ ਜੀਵਨੀ 'ਤੇ 'ਪੰਜਾਬ ਦਾ ਛੇਵਾਂ ਦਰਿਆ' ਇਕ ਬੜੀ ਖ਼ੂਬਸੂਰਤ ਕਿਤਾਬ ਲਿਖ ਕੇ ਛਾਪ ਛੱਡੀ।

ਕਈ ਵਾਰ ਸੋਚਦਾ ਹਾਂ ਕਿ ਹੁਣ ਤਕ ਉਨ੍ਹਾਂ 'ਤੇ ਦਸ ਕਿਤਾਬਾਂ ਲਿਖੀਆਂ ਜਾਣੀਆਂ ਚਾਹੀਦੀਆਂ ਸਨ।

ਬੋਦਲਾਂ ਦੇ ਨੇੜੇ-ਤੇੜੇ ਘੁੰਮਣਾ, ਪਰ ਇਸ ਧਰਤੀ ਦੀ ਜ਼ਿਆਰਤ ਕੀਤੇ ਬਗੈਰ ਅੱਗੇ ਖਿਸਕ ਜਾਣਾ, ਇਕ ਵੱਡਾ ਜੁਰਮ ਹੈ, ਪਾਪ ਹੈ। ਦੇਖੋ ਇਸ ਧਰਤੀ ਦੇ ਜਾਇਆਂ ਨੂੰ ਏਸੇ ਪਿੰਡ ਦੇ ਇਕ ਨੌਜੁਆਨ ਸ਼ਾਇਰ ਸੁਖਵਿੰਦਰ ਬੋਦਲਾਂ ਵਾਲੇ ਨੇ ਕਿੰਨੀ ਖ਼ੂਬਸੂਰਤੀ ਨਾਲ ਕਲਮਬੰਦ ਕੀਤਾ ਹੈ:-

ਪਿੰਡ ਬੋਦਲਾਂ, ਗਰੁਨਾ ਸਾਹਿਬ 'ਤੇ ਛੇਵੇਂ ਗੁਰਾਂ ਦਾ ਸਾਇਆ।
ਧੰਨ ਧੰਨ ਗੁਰੂ ਹਰਿਗੋਬਿੰਦ ਜੀ, ਜਿਨ੍ਹਾਂ ਗਰੁਨਾ ਬੂਟਾ ਲਾਇਆ।
ਪਿੰਡ ਬੋਦਲਾਂ 'ਤੇ ਹੈ ਬਖਸ਼ਿਸ਼, ਗੁਰਾਂ ਦੀ ਅਪਰ-ਅਪਾਰ।
ਵੱਡੀਆਂ-ਵੱਡੀਆਂ ਹੋਈਆਂ ਸ਼ਖ਼ਸੀਅਤਾਂ, ਜੱਗ ਵਿਚ ਨਾਮ ਕਮਾਇਆ।
ਖ਼ਾਲਸੇ ਪੰਥ ਦਾ ਜਨਮ ਦਿਹਾੜਾ, ਪਿੰਡ ਦੇ ਲੋਕ ਮਨਾਉਂਦੇ।
ਗਰੁਨੇ ਸਾਹਿਬ 'ਚ ਮੇਲਾ ਵਿਸਾਖੀ, ਹੁਸ਼ਿਆਰਪੁਰ ਵਿਚ ਛਾਇਆ।
ਮਛਿਆਣਾ ਗੋਤ ਹੈ, ਸ਼ਾਨ ਪਿੰਡ ਦੀ, ਰੰਧਾਵੇ 'ਚ ਰਾਇਤ ਤੇ ਬ੍ਰਾਹਮਣ।
ਹੋਰ ਵੀ ਗੋਤਾਂ ਦੇ ਨੇ ਬੰਦੇ, ਮਿਲ ਜੁਲ ਪਿੰਡ ਵਸਾਇਆ।
ਡਾ. ਮਹਿੰਦਰ ਸਿੰਘ ਰੰਧਾਵਾ, ਵਿਦਵਾਨ ਜੋ ਉੱਚ ਕੋਟੀ ਦੇ,
ਚਰਨ ਸਿੰਘ ਸਫ਼ਰੀ ਦੇ ਗੀਤਾਂ ਵਿਚ ਪੰਜਾਬ ਸਮਾਇਆ।
ਭਾਈ ਸਾਹਿਬ ਦਿਲਬਾਗ ਸਿੰਘ ਜੀ, ਤੇ ਗੁਰਬਾਗ ਦੀ ਜੋੜੀ।
ਸੁਣ ਸੁਣ ਕੀਰਤਨ ਤ੍ਰਿਪਤ ਰੂਹ ਹੋਵੇ, ਰਾਗਾਂ ਵਿਚ ਜੋ ਗਾਇਆ।
ਭਾਈ ਸਾਹਿਬ ਇਕਬਾਲ ਸਿੰਘ ਜੀ, ਤਬਲੇ ਦੇ ਉਸਤਾਦੀ।
ਭਾਈ ਸਾਹਿਬ ਦਵਿੰਦਰ ਸਿੰਘ ਜੀ, ਪ੍ਰੰਪਰਾ ਨੂੰ ਵਧਾਇਆ।
ਬਾਬੇ ਬੂਟਾ ਸਿੰਘ ਦਾ ਲਾਇਆ, ਇਹ ਸੰਗੀਤ ਦਾ ਬੂਟਾ
ਬਾਬੇ ਚੂਹੜ* ਸਿੰਘ ਦਾ ਸੰਗੀਤ ਘਰਾਣਾ, ਸੁਰਾਂ ਦਾ ਹੈ ਸਰਮਾਇਆ।

*ਛੇਵੇਂ ਪਾਤਸ਼ਾਹ ਜਦੋਂ ਏਥੇ ਆਏ ਸਨ, ਤਾਂ ਭਾਈ ਚੂਹੜ ਨੂੰ ਰਬਾਬ ਭੇਟ ਕਰ ਗਏ ਸਨ।*

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਭਾਈ ਚੂਹੜ ਜੀ ਦੀ ਰਵਾਇਤ, ਓਸੇ ਸਾਹਿਸਰ ਧਾਰਾ, ਓਸੇ ਰਾਗਦਾਰੀ ਨੂੰ ਅੱਜਕਲ੍ਹ ਭਾਈ ਸਤਨਿੰਦਰ ਸਿੰਘ ਜੀ ਅੱਗੇ ਵਧਾ ਰਹੇ ਹਨ। ਬੜਾ ਖ਼ੂਬਸੂਰਤ ਗਾ ਰਹੇ ਹਨ। ਗ਼ਮੀ ਦੀ ਖ਼ਬਰ ਇਹ ਹੈ ਕਿ ਡਾ. ਮ.ਸ. ਰੰਧਾਵਾ ਸਾਹਿਬ ਜੀ ਦਾ ਜੱਦੀ ਘਰ ਅੱਜਕਲ੍ਹ ਢਹਿ-ਢੇਰੀ ਹੁੰਦਾ ਹੁੰਦਾ ਖੋਲਾ ਬਣ ਗਿਆ ਹੈ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀ ਯਾਦ ਵਿਚ ਏਥੇ ਕੋਈ ਮਿਊਜ਼ੀਅਮ ਉਸਾਰਿਆ ਜਾਂਦਾ, ਪਰ...। ਮੇਰੇ ਵਿਚਾਰਾਂ ਅਨੁਸਾਰ ਉਹ ਨੋਬੇਲ ਪੁਰਸਕਾਰ ਦੇ ਹੱਕਦਾਰ ਸਨ। ਪਰ ਉਹ ਇਕ ਸ਼ੂਕਦੇ ਦਰਿਆ ਵਾਂਗ ਏਹੋ ਜਿਹੀਆਂ ਦੁਨਿਆਵੀ ਚੀਜ਼ਾਂ ਤੋਂ ਬਿਲਕੁਲ ਬੇਨਿਆਜ਼ ਰਹਿੰਦਿਆਂ, ਅਪਣਾ ਜੀਵਨ ਬਤੀਤ ਕਰਦਿਆਂ ਅਪਣੇ ਪੰਜਾਬੀ ਵੀਰਾਂ ਨੂੰ ਸਦਾ-ਸਦਾ ਲਈ ਅਲਵਿਦਾ ਕਹਿ ਗਏ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਇਸ ਨਾਚੀਜ਼ ਨਿਮਾਣੇ ਦੇ ਵੱਡੇ ਮੁਦਾਹ ਸਨ!

**ਸ਼ਾਮ ਚੁਰਾਸੀ:** ਪੰਜਾਬ ਦੇ ਬੜੇ ਵੱਡੇ ਸੰਗੀ ਘਰਾਣੇ ਦਾ ਜਨਮਦਾਤਾ ਹੈ, ਜਿਸ ਦੀ ਨੀਂਹ ਕਦੇ ਮੁਗਲ ਦੌਰ ਸਮੇਂ ਮੀਆਂ ਸੂਰਜ ਖਾਂ ਚਾਂਦ ਖਾਂ ਨੇ ਰੱਖੀ ਸੀ। ਉਹ ਦੋਵੇਂ ਸ਼ਹਿਨਸ਼ਾਹ ਅਕਬਰ ਦੇ ਦਰਬਾਰੀ ਗਵੱਈਏ ਸਨ। ਇਹ ਪੁਰਾਤਨ ਸ਼ਹਿਰ ਇਕ ਫਕੀਰ ਹਜ਼ਰਤ ਸ਼ੇਖ ਅਬਦੁਲ ਗ਼ਨੀ ਸ਼ਾਮੀ ਦੇ ਡੇਰੇ ਕਰਕੇ ਵੀ ਬੜਾ ਮਸ਼ਹੂਰ ਹੈ, ਜਿਨ੍ਹਾਂ ਦੀ ਯਾਦ ਵਿੱਚ ਹਰ ਸਾਲ ਏਥੇ ਭਾਰੀ ਮੇਲਾ ਲਗਦਾ ਹੈ। ਲੋਕਾਂ ਦੀ ਮਾਨਤਾ ਹੈ ਕਿ ਸ਼ਾਮੀ ਸ਼ਾਹ ਹਰੇਕ ਦਾ ਬੇੜਾ ਬੰਨਾ ਲਾ ਦਿੰਦੇ ਹਨ। ਉਨ੍ਹਾਂ ਬਾਰੇ ਉਰਦੂ ਵਿਚ ਲਿਖੀ ਗਈ ਇਕ ਕਿਤਾਬ ਵਿਚ ਇੰਝ ਦਰਜ ਹੈ:

ਬਸ ਗੁਲਾਮ ਰਸੂਲ ਯਾਰਾ, ਨਾ ਕਰ ਐਡੇ ਝੇੜੇ
ਸ਼ਾਮ ਚੁਰਾਸੀ ਵਾਲਾ ਲਾਮੀ, ਬੰਨ੍ਹੇ ਤੇਰੇ ਬੇੜੇ!

(ਤਜ਼ਕਰਾ ਹਜ਼ਰਤ ਸ਼ੇਖ ਅਬਦੁਲ ਗ਼ਨੀ ਸ਼ਾਮੀ, ਲਾਹੌਰ 2003, ਸਫ਼ਾ 362)

ਲੇਖਕ ਨੂੰ ਇਸ ਗੱਲ 'ਤੇ ਬੜਾ ਨਾਜ਼ ਹੈ ਕਿ ਇਸ ਘਰਾਣੇ ਦੇ ਵੀਹਵੀਂ ਸਦੀ ਦੇ ਸਿਰਮੌਰ ਗਾਇਕ ਉਸਤਾਦ ਸਲਾਮਤ ਅਲੀ ਖਾਂ ਨੇ ਉਸ ਦੀਆਂ ਸੰਗੀਤ ਸਬੰਧੀ ਕੀਤੀਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਇਸ ਨਾਚੀਜ਼ 'ਤੇ ਅਸਲੋਂ ਇਕ ਨਵਾਂ ਰਾਗ 'ਕੰਵਲ ਭੈਰੋਂ' ਈਜਾਦ ਕਰ ਕੇ ਇੰਟਰਨੈਸ਼ਨਲ ਮਿਊਜ਼ਿਕ ਫੈਸਟੀਵਲ ਜਨੀਵਾ ਵਿਖੇ ਗਾਇਆ ਸੀ।

**ਨਵਾਂਸ਼ਹਿਰ :**

ਨਵਾਂ ਸ਼ਹਿਰ ਕੀ ਚਾਰ ਚੀਜ਼ੇਂ ਹੈ ਖਰੀ,
ਗੁੜ, ਸ਼ਿਵਾਲੇ, ਰੇੜੀਆਂ, ਬਾਰਾਂ ਦਰੀ।

ਪੁਰਾਣੇ ਸਮਿਆਂ 'ਚ ਇਸ ਬਾਰੇ ਇਹ ਕਹਾਵਤ ਬੜੀ ਮਸ਼ਹੂਰ ਸੀ।

ਅੰਬਾਂ ਉਤੇ ਬੂਰ ਨਹੀਂ,
ਜੇ ਤੂੰ ਮਿਲਣਾ ਹੋਵੇ, ਤਾਂ ਨਵਾਂ ਸ਼ਹਿਰ ਦੂਰ ਨਹੀਂ।

ਪੰਜਾਬ ਦਾ ਇਹ ਇਕੋ-ਇਕ ਸ਼ਹਿਰ ਸੀ, ਜਿਹੜਾ ਕਦੇ ਆਪਣੇ ਚੋਹੀਂ ਪਾਸੀਂ ਚਾਰ ਤਲਾਵਾਂ ਅਤੇ ਬਾਰਾਂ ਬਾਗ਼ਾਂ ਨਾਲ ਹਰਿਆ-ਭਰਿਆ ਘੁੱਗ ਵਸਦਾ ਸੀ। ਇਥੋਂ ਦੇ ਕੁ ਮਿਸ਼ਰ ਅਤੇ ਦੀਵਾਨ ਮਹਾਰਾਜਾ ਰਣਜੀਤ ਸਿੰਘ ਦੇ ਸਲਾਹਕਾਰ ਹੁੰਦੇ ਸਨ। ਪੰਜਾਬ ਬਾਰੇ ਗੱਲਾਂ ਕਰਦਿਆਂ ਡਾ. ਐਮ.ਐਸ. ਰੰਧਾਵਾ ਨੇ ਇਕ ਵੇਰ ਲੇਖਕ ਨੂੰ ਦੱਸਿਆ ਸੀ ਕਿ ਸਾਂਝੇ ਪੰਜਾਬ ਵਿਚ ਸਭ ਤੋਂ ਪਹਿਲਾਂ ਟਰੈਕਟਰ ਪ੍ਰਸਿੱਧ ਲੇਖਕ ਸਰਦਾਰ ਖ਼ੁਸ਼ਵੰਤ ਸਿੰਘ ਦੇ ਪੁਰਖਿਆਂ ਸ. ਉੱਜਲ ਸਿੰਘ ਨੇ ਆਪਣੀਆਂ ਜ਼ਮੀਨਾਂ 'ਚੋਂ ਮੀਆਂ ਚੰਨੂ ਵਰਤਿਆ ਸੀ।

ਪਾਕਿਸਤਾਨ ਬਣਨ ਤੱਕ ਪਹਿਲਾਂ ਇਹ ਸ਼ਾਇਦ ਜ਼ਿਲ੍ਹਾ ਮਿੰਟਗੁਮਰੀ ਵਿਚ ਸੀ, ਪਰ ਹੁਣ ਜ਼ਿਲ੍ਹਾ ਖਾਨੇਵਾਲ 'ਚ ਆ ਗਿਆ ਏ। ਅਜੋਕੇ ਦੋ ਨੌਜਵਾਨ ਗਾਉਣ ਵਾਲਿਆਂ ਨੇ ਆਪਣੇ ਗਾਣਿਆਂ ਵਿਚ ਇਸ ਨੂੰ ਇੰਝ ਜੜਿਆ ਏ:

ਫੋਲਾ ਮੀਆਂ ਚੰਨੂ ਦਾ ਨਵਾਬ ਲੱਗ ਲਏ,
ਸ਼ਾਨ ਅਲੀ
ਚੰਨੂ ਦੀਆਂ ਗਲੀਆਂ ਬਾਜ਼ਾਰ ਸੋਹਣੇ ਨੇ
ਹੱਡੀਆਂ ਨੂੰ ਖਾ ਗਏ ਬੰਦੇ ਮਨਮੋਹਣੇ ਨੇ।
ਮੋਹਿਸਨ ਅਖਤਰ ਸਲੇਮੀ

ਇਸੇ ਤਰ੍ਹਾਂ ਉਦੋਂ ਪੰਜਾਬ ਵਿਚ ਸਭ ਤੋਂ ਪਹਿਲਾਂ ਟਿਊਬਵੈੱਲ ਚੌਧਰੀ ਅਬਦੁਲ ਰਹਿਮਾਨ ਦੀਆਂ ਜ਼ਮੀਨਾਂ 'ਚ ਲੱਗਾ ਸੀ, ਜਿਸ ਦੀ ਰਾਹੋਂ 'ਚ ਪੰਜਾਹ ਮਰੱਬਿਆਂ ਦੀ ਮਾਲਕੀ ਸੀ। ਪੁਰਾਣੇ ਸਮਿਆਂ ਦੀ ਇਕ ਕਹਾਵਤ ਅਨੁਸਾਰ:

ਨਵਾਂ ਸ਼ਹਿਰ ਨਰਕਪੁਰੀ, ਕਰਮ ਹੀਣ ਕਰਿਆਮ।
ਮਹਾਲੋਂ ਕਦੀ ਨਾ ਪਹੁੰਚੀਂ, ਜੇ ਬਿਸਤਰ ਮਿਲੇ ਪਨਾਮ।

ਪੁਰਾਣੇ ਸਮਿਆਂ 'ਚ ਕਿਸੇ ਕਾਰਨ ਇਹ ਸ਼ਹਿਰ ਕਦੇ ਨਰਕਪੁਰੀ ਹੋਵੇਗਾ, ਪਰ ਕੇ. ਦੀਪ ਦਾ ਗਾਇਆ ਹੋਇਆ ਇਕ ਗਾਣਾ:

ਨਵੇਂ ਸ਼ਹਿਰ ਦੇ ਸੁਨਿਆਰੇ ਤੋਂ,
ਝਾਂਜਰ ਮੈਂ ਕਢਵਾਈ।

**ਨਕੋਦਰ:** ਜ਼ਿਲ੍ਹਾ ਜਲੰਧਰ ਦੀ ਇਕ ਤਹਿਸੀਲ ਦਾ ਨਾਂ ਹੈ, ਜਿਹੜਾ ਮੰਜਕੀ ਦਾ ਇਲਾਕਾ ਅਖਵਾਉਂਦਾ ਹੈ। ਇਸ ਇਲਾਕੇ ਬਾਰੇ ਪੰਜਾਬੀ ਸੱਥ ਲਾਂਬੜਾਂ ਵਾਲਿਆਂ ਨੇ ਇਕ ਬੜੀ ਖ਼ੂਬਸੂਰਤ ਕਿਤਾਬ 'ਮੰਜਕੀ ਭੂਮਿ ਰੰਗਾਵਲੀ' ਜਿਹੜੀ ਅਸ਼ੋਕ ਚਰਨ ਆਲਮਗੀਰ ਨੇ ਲਿਖੀ ਹੈ, ਮੋਤਾ ਸਿੰਘ ਦੇ ਭਰਾ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਨੇ ਸੰਪਾਦਨ ਕੀਤੀ ਹੈ। ਨਕੋਦਰ ਬਾਰੇ ਸ਼ੁਰੂ ਕਰਦਿਆਂ ਕੁਲਵਿੰਦਰ ਸਿੰਘ ਇੰਝ ਲਿਖਦੇ ਹਨ:

'ਹੈ ਇਹ ਸਵਰਗ ਦਾ ਟੁਕੜਾ, ਕਿ ਇਹ ਸ਼ਹਿਰ-ਨਕੋਦਰ ਹੈ,
ਸਾਰੇ ਕਹਿਣ 'ਕਰ ਨੇਕੀ' ਦਾ, ਗੱਲ ਕਿੰਨੀ ਵਿਚਿੱਤਰ ਹੈ।
ਸਤਾਰਾਂ ਸੌ ਬਵੰਜਾ, ਰਾਏ ਨਿੱਕਾ ਨੇ ਪਿੰਡ ਬੱਧਾ ਸੀ
ਕਈਆਂ ਦੀ ਰਾਜਧਾਨੀ ਸੀ, ਤੇ ਹੁਣ ਖਾਸਾ ਅਡੰਬਰ ਹੈ।

ਮੰਜਕੀ 'ਚ ਇਕ ਅਖਾਣ ਮਸ਼ਹੂਰ ਹੈ:-
ਆਈ ਬਹੂ ਨਕੋਦਰ ਦੀ,
ਉਹ ਖਾਂਦੀ ਪੀਂਦੀ ਓਦਰਦੀ।
ਪਤਾ ਨਹੀਂ ਕਿਉਂ?

ਸੁਆਣੀਆਂ ਗਿੱਧਾ ਪਾਉਂਦੀਆਂ, ਧੜਮੱਚ ਮਚਾਉਂਦੀਆਂ ਦੇਖੋ ਨਕੋਦਰ ਦੁਆਲੇ ਦੇ ਪਿੰਡਾਂ ਦਾ ਕਿੰਨਾ ਖ਼ੂਬਸੂਰਤ ਨਕਸ਼ਾ ਖਿੱਚ ਜਾਂਦੀਆਂ ਹਨ:

ਪਿੰਡਾਂ ਵਿਚੋਂ ਪਿੰਡ ਸੁਣੀਦਾ, ਜੰਡਿਆਲਾ, ਭੰਗਾਲਾ।
ਜੰਡਾਂ ਰੁੱਖਾਂ ਦੀ ਭੂਮੀ ਦਾ, ਨਾਂ ਧਰਿਆ ਜੰਡਿਆਲਾ।
(ਹੁਣ) ਐਧਰ ਹੱਟੀ, ਓਧਰ ਹੱਟੀ, ਪੈਰ ਪੈਰ ਵਿਦਿਆਲਾ।
ਸ਼ਹਿਰ ਜਿਹਾ ਹੈ ਪਿੰਡ ਪੁਰਾਣਾ, ਮਹਿਲ ਮਕਾਨਾਂ ਵਾਲਾ।
ਵਿਚ ਫਸਲਾਂ ਦੇ ਘਿਰਿਆ ਹੋਇਆ, ਹੈ ਭਰਪੂਰ ਭੰਗਾਲਾ।
ਸਾਵੇ ਪੱਤਰ ਚਿੱਟੇ ਸਿੱਟੇ, ਹਰ ਘਰ ਸੁਖੀ ਸੁਖਾਲਾ।
ਗੁਰ ਅਸਥਾਨ ਤਾਰੀਖੀ, ਏਥੇ, ਸੁੰਦਰ ਨੂਰ ਉਜਾਲਾ।
ਇਹ ਦਿਲ ਮੰਜਕੀ ਦਾ, ਹਰ ਬੰਦਾ ਦਿਲਵਾਲਾ।
ਇਹ ਦਿਲ ਮੰਜਕੀ ਦਾ, ...।

ਦੂਜੀ ਗਵੈਣ ਗਿੱਧਣ ਆਪਣੇ ਪਿੰਡਾਂ ਦਾ ਤੁਆਰਫ਼ ਇਨ੍ਹਾਂ ਸ਼ਬਦਾਂ ਨਾਲ ਕਰਵਾਉਂਦੀ ਹੈ:-

ਪਿੰਡਾਂ ਵਿਚੋਂ ਪਿੰਡ ਸੁਣੀਦਾ, ਪਿੰਡ ਦਾ ਨਾਮ ਗੁਰਾਇਆ।
ਹੈ ਜਰਨੈਲੀ ਸੜਕ ਦੇ ਕੰਢੇ, ਜਿਸ ਦਾ ਰੂਪ ਸਵਾਇਆ।
ਹਰ ਪਾਸੇ ਨੂੰ ਸੜਕ ਜਾਵੰਦੀ, ਵਧੇ ਸੰਪਰਕ ਵਧਾਇਆ।
ਧੁਰ ਕਲਕੱਤੇ ਤੋਂ ਫਿਰ ਦਿੱਲੀ ਲਾਹੌਰ ਪਿਸ਼ੌਰ ਮਿਲਾਇਆ।
ਨਿੱਤ ਨਿੱਤ ਨਵੇਂ ਮਿਲਾਪ ਹੋਵੰਦੇ, ਮਾਸੜ, ਫੁੱਫੜ, ਤਾਇਆ।
ਕਈ ਸਕੂਲ ਕਈ ਕਾਰਖਾਨੇ, ਸਭ ਮਿਹਨਤ ਦੀ ਮਾਇਆ।
ਧਰਤ ਸੁਹਾਵੀ, ਤਾਲ ਸੁਹਾਵਾ, ਸਤਿਗੁਰ ਆਪ ਵਸਾਇਆ।
ਸਾਰੇ ਆਖ ਰਹੇ, ਗੁਰ ਆਇਆ ਗੁਰ ਆਇਆ।

(ਮੰਜਕੀ ਭੂਮਿ ਰੰਗਾਵਲੀ 'ਚੋਂ ਧੰਨਵਾਦ ਸਹਿਤ)

ਗੁਰਾਇਆ 'ਚ ਘੁੰਮ ਰਹੇ ਹਾਂ। ਏਥੋਂ ਪੰਜਾਬ ਦੇ ਇਕ ਬੜੇ ਵੱਡੇ ਭਲਵਾਨ ਹੁਕਮੇ ਮਹਿਸਮਪੁਰੀਏ ਦਾ ਪਿੰਡ ਬਹੁਤ ਦੂਰ ਨਹੀਂ। ਉਹ ਗੁਰਦਾਵਰ ਸ਼ੰਕਰੀਏ ਤੋਂ ਇਕ ਪੀੜ੍ਹੀ ਪਹਿਲਾਂ ਦਾ ਪਹਿਲਵਾਨ ਸੀ। ਦੱਸਦੇ ਨੇ ਕਿ ਉਸ ਨਾਲੋਂ ਵੀ ਵੱਡਾ, ਉਹਦੇ ਪਿੰਡ ਉਹਦਾ ਬੁੱਤ ਲੱਗਾ ਹੋਇਆ ਹੈ। ਲੋਕਾਇਣ ਵਿੱਚ ਉਹਦਾ ਜ਼ਿਕਰ ਕੁਝ ਇੰਝ ਆਉਂਦਾ ਹੈ:

ਆਰੀ ਆਰੀ ਆਰੀ,
ਹੁਕਮਾ ਮਹਿਸਮਪੁਰੀਆ, ਜਿਨ ਦੁਨੀਆਂ ਢਾਹ ਲਈ ਸਾਰੀ।
ਜੀਤ ਸੁੰਹ ਟੱਟੂ ਦੀ, ਲਕੜੀ ਬਹੁਤ ਸੀ ਭਾਰੀ।
ਜਾਨਾ ਸ਼ੰਕਰ ਦਾ, ਜੀਹਦੇ ਪੱਟਾਂ ਦੀ ਤਿਆਰੀ ਭਾਰੀ।
ਧੰਨ ਕੌਰ ਦੱਧਰ ਦੀ, ਲੱਕ ਪਤਲਾ ਪੱਟਾਂ ਦੀ ਭਾਰੀ।
ਰੰਗੀ ਖੋਖੇਆਲ ਦਾ, ਰੰਨਾ ਦਾ ਬੜਾ ਸ਼ਿਕਾਰੀ।
ਮਰਲਾ ਨਹੀਂ ਛੱਡਿਆ, ਖੇਤ ਖਾ ਗਿਆ ਚਾਲੀ।
(ਜੇ ਮੈਂ ਜਾਣਦੀ ਪੱਟਾਂ ਦਾ ਮੁੱਲ ਪੈਣਾ,
ਨਿੱਕੀ ਹੁੰਦੀ ਤੇਲ ਮਲਦੀ)

''ਤੁਸੀਂ ਹੁਕਮੇ ਭਲਵਾਨ ਦਾ ਜ਼ਿਕਰ ਤਾਂ ਕਰ ਦਿੱਤਾ - ਸਿਰਫ਼ ਇਸ ਕਰਕੇ ਕਿ ਉਹਦੇ ਪਿੰਡ ਉਹਦਾ ਬੁੱਤ ਲੱਗਾ ਹੋਇਆ ਹੈ, ਪਰ ਗੁਰਦਾਵਰ ਸ਼ੰਕਰੀਏ ਦਾ ਨਹੀਂ ਕੀਤਾ- ਹਾਲਾਂਕਿ ਪਿੰਡ ਵਾਸੀਆਂ ਨੇ ਉਹਦਾ ਬੁੱਤ ਵੀ ਓਥੇ ਬਣਾਇਆ ਹੋਇਆ ਹੈ। ਨਾਲੇ ਪੁਰਾਣੇ ਸਮਿਆਂ ਤੋਂ ਓਥੇ ਹਰ ਸਾਲ ਇਕ ਛਿੰਝ ਲਗਦੀ ਆ ਰਹੀ ਹੈ।''

ਕੋਈ ਨਹੀਂ, ਹੁਣ ਅਸੀਂ ਆਪਣੀ ਕਿਸੇ ਦੂਜੀ ਗੇੜੀ ਸਮੇਂ ਨਕੋਦਰ ਜਾਵਾਂਗੇ ਤਾਂ ਸ਼ੰਕਰ ਵਾਲਾ ਬੁੱਤ ਵੀ ਦੇਖ ਲਾਂ ਗੇ। ਹੁਣ ਗੁਰਾਇਆ ਵਲਾਂ ਆਏ ਹੋਏ ਹਾਂ। ਬੜੇ ਪਿੰਡ ਦਾ ਜੰਮਪਲ ਦੇਸੀ ਦਵਾਈਆਂ ਦਾ ਇਕ ਡਾਕਟਰ ਕਰਮ ਚੰਦ 'ਸ਼ਕਤੀ' ਹੁੰਦਾ ਸੀ, ਜਿਹੜਾ ਆਪਣੇ ਪਿੰਡਾਂ ਬਾਰੇ ਬੋਲੀਆਂ ਜੋੜਦਾ ਰਹਿੰਦਾ ਸੀ। ਨਾਲੇ ਉਹ ਸ਼ੰਕਰ ਦੀ ਛਿੰਝ ਦੇਖਣ ਦਾ ਬੜਾ ਸ਼ੌਕੀ ਸੀ। 1968 'ਚ ਉਹ ਚੜ੍ਹਾਈ ਕਰ ਗਿਆ। ਆਪਣੇ ਪਿੰਡਾਂ ਦੀ ਅਛਾਈ-ਬੁਰਾਈ, ਉਹ ਕਿਵੇਂ ਬਿਆਨ ਕਰਦਾ ਹੈ, ਉਸ ਦਾ ਨਮੂਨਾ ਅਸੀਂ ਪਹਿਲਾਂ ਦੇਖ ਲੈਂਦੇ ਹਾਂ:

ਸੰਨ੍ਹਵਾਂ, ਫਰਾਲਾ, ਕੋਟ, ਗੂੜ੍ਹੇ, ਮੇਹਲੀ ਤੇ ਮਢਾਲੀ
ਕਾਲੇ, ਕੁਲਥਮ, ਨਵੀਂ ਪੱਟੀ, ਚਾਚੋਕੀ, ਚਚਰੋਲੀ।
ਚੱਕ ਮੁਗ਼ਲਾਣੀ ਦੇ ਮਸ਼ਹੂਰ ਕੂੰਡੇ ਚਾਟੀਆਂ ਨੇ।
ਸ਼ੰਕਰ ਦੀ ਮੈਂ ਛਿੰਝ ਦੇਖੀ ਮਾਰ-ਮਾਰ ਝਾਤੀਆਂ ਨੇ।
ਫਗਵਾੜਾ ਤੇ ਫਿਲੌਰ, ਲੁਧਿਆਣਾ ਤੇ ਅੰਬਾਲਾ ਸ਼ਹਿਰ,
ਮੇਰਠ ਤੇ ਮੁਰਾਦਾਬਾਦ, ਦਿੱਲੀ ਜਾ ਕੇ ਦੇਖੀ ਨਹਿਰ,
ਮੀਰਾਪੁਰ ਇੰਦਣ, ਗਹੌਰ ਦੇ ਖਰਬੂਜੇ ਚੰਗੇ,
ਵਿਚ ਆ ਮਸ਼ਹੂਰ ਬੰਗੇ, ਚਾਕੂ ਤੇ ਸ਼ਰਾਬ ਦੰਗੇ
ਅੱਟਾ, ਅੱਟੀ, ਕੰਗ, ਫਲਪੋਤੇ, ਡੋਡੇ ਪੀਂਦੇ ਚੰਗੇ ਚੰਗੇ।
ਨਸ਼ਾ ਪਾਣੀ ਕਰ ਕੇ ਤੇ ਲੈਂਦੇ ਨੇ ਫੇ ਪੰਗੇ ਪੰਗੇ।

ਤੂੰ ਸ਼ੰਕਰ ਵਿਚ ਲੱਗੇ ਬੁੱਤ ਦੀ ਗੱਲ ਕੀਤੀ ਹੈ। ਹੁਣ ਉਹਦਾ ਵੀ ਸੁਣ ਲੈ। ਓਥੇ ਦੇ ਵਸਨੀਕ ਇੰਜਨੀਅਰ ਗੁਰਪ੍ਰੀਤ ਸਿੰਘ ਪੁਰੇਵਾਲ ਦੇ ਦੱਸਣ ਮੁਤਾਬਕ ਉਹ ਬੁੱਤ ਮੇਰੀ ਕਿਤਾਬ 'ਭਾਰਤ ਦੇ ਪਹਿਲਵਾਨ' ਵਿਚ ਗੁਰਦਵਰ ਦੇ ਮੇਰੇ ਵਲੋਂ ਉਤਾਰੇ ਗਏ ਖਾਕੇ ਦੇ ਆਧਾਰ 'ਤੇ ਉਸਾਰਿਆ ਤਰਾਸ਼ਿਆ ਗਿਆ ਸੀ। ਚੰਗਾ ਹੋਇਆ ਪਿੰਡ ਵਾਸੀਆਂ ਨੇ ਉਹਦੀ ਯਾਦਗਾਰ ਬਣਾ ਦਿੱਤੀ। ਇਸ ਪਿੰਡ ਦੇ ਪਿਛੋਕੜ ਦਾ ਇਤਿਹਾਸ ਇਹ ਹੈ ਕਿ ਜਦੋਂ ਇਹਦੀ ਮੌੜ੍ਹੀ ਗੱਡੀ ਗਈ ਤਾਂ ਇਹ ਬੱਝਦਾ ਨਹੀਂ ਸੀ, ਉੱਜੜ ਜਾਂਦਾ ਸੀ। ਬਜ਼ੁਰਗਾਂ ਮੁਤਾਬਕ ਭਾਈ ਹਜ਼ਾਰੀ ਨਾਂ ਦੇ ਏਥੇ ਦੇ ਇਕ ਸਾਧੂ-ਸੰਤ ਨੇ ਪਿੰਡ ਵਾਲਿਆਂ ਨੂੰ ਨਸੀਹਤ ਕੀਤੀ ਕਿ ਏਥੇ ਕ੍ਰਿਸ਼ਨ ਮਹਾਰਾਜ ਜੀ ਦਾ ਅਖਾੜਾ ਬਣਾਓ ਅਤੇ ਇਕ ਪਾਸੇ ਬੀਬੀਆਂ ਦੇ ਗਿੱਧੇ ਪੈਣ, ਤਾਂ ਦੂਜੇ ਪਾਸੇ ਮੱਲ ਅਖਾੜਾ ਲਾਉਣ। ਅਜਿਹਾ ਕਰਨ ਨਾਲ ਇਹ ਕਰੋਪੀ ਦੂਰ ਹੋ ਜਾਏਗੀ ਅਤੇ ਇਹ ਪਿੰਡ ਆਬਾਦ ਹੋ ਜਾਏਗਾ। ਸੋ ਉਦੋਂ ਤੋਂ ਹੀ ਏਥੇ ਇਹ ਪ੍ਰਥਾ ਚਲਦੀ ਆ ਰਹੀ ਹੈ।

ਦੁਆਬੇ 'ਚ ਛਿੰਝਾਂ ਦਾ ਮੌਸਮ ਆ ਜਾਂਦਾ ਹੈ ਤਾਂ ਇਹ ਮਹਿਤਪੁਰ ਤੋਂ ਸ਼ੁਰੂ ਹੁੰਦੀਆਂ, ਕੋਟ ਬਾਦਲ ਖਾਂ, ਨੂਰ ਮਹਿਲ ਅਤੇ ਰੁਪੋਆਲ ਆਦਿ ਵਲ ਨੂੰ ਤੁਰੀਆਂ ਜਾਂਦੀਆਂ ਹਨ।

ਇਨ੍ਹਾਂ ਵਿਚੋਂ ਮਹਿਤਪੁਰ ਦੀ ਦੁਆਬੇ ਦੀ ਪਹਿਲੀ ਛਿੰਝ ਹੋਣ ਕਾਰਨ ਬੜੀ ਮਸਹੂਰ ਹੈ। ਲੋਕ-ਕਵੀਆਂ ਨੇ ਮਹਿਤਪੁਰ, ਕਹਿਤਪੁਰ ਨੂੰ ਇੰਜ ਬਿਆਨਿਆ ਹੈ:-

ਮਹਿਤਪੁਰ, ਕਹਿਤਪੁਰ ਕਸਬਾ ਵਜ਼ੀਰਾਂ ਦਾ,
ਅੰਗਾ ਕੇੜੀ ਮੰਗਤੀ, ਤੇ ਸ਼ਾਹਪੁਰ ਫਕੀਰਾਂ ਦਾ।

ਕਿਸੇ ਸਮੇਂ ਮਹਿਤਪੁਰ 'ਚ ਪੜ੍ਹੇ-ਲਿਖੇ ਬੜੇ-ਬੜੇ ਵਿਦਵਾਨ ਹੁੰਦੇ ਸਨ, ਜਿਹੜੇ ਰਿਆਸਤਾਂ 'ਚ ਵਜ਼ੀਰੀ ਦੇ ਹੁਦੇ ਤੱਕ ਵੀ ਪਹੁੰਚ ਜਾਂਦੇ ਸਨ। ਜਿਵੇਂ ਕਿ ਪਟਿਆਲਾ ਰਿਆਸਤ ਦਾ ਪੰਡਿਤ ਮੂਲ ਰਾਜ ਅਤੇ ਸ਼ਾਹਪੁਰ ਕਿਸੇ ਸਮੇਂ ਪੀਰਾਂ-ਫਕੀਰਾਂ ਦੀਆਂ ਸੌ ਤੋਂ ਵੀ ਵੱਧ ਕਬਰਾਂ ਹੁੰਦੀਆਂ ਸਨ, ਜਿਨ੍ਹਾਂ ਕਰਕੇ ਇਹ ਪ੍ਰਸਿੱਧ ਸੀ।

ਜਲੰਧਰ ਜ਼ਿਲ੍ਹੇ ਦੀ ਗੱਲ ਕਰ ਰਹੇ ਸਾਂ। ਇੱਕ ਬੋਲੀ ਪ੍ਰਚੱਲਤ ਹੁੰਦੀ ਸੀ:

ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦੀ ਮਹਿੰਦੀ,
ਭਈ ਨੱਚਾਂ ਮੈਂ ਲੁਧਿਆਣੇ ਹਾਣੀਆ, ਮੇਰੀ ਧਮਕ ਜਲੰਧਰ ਪੈਂਦੀ।

ਜਗਮੋਹਣ ਕੌਰ ਅਤੇ ਕੇ. ਦੀਪ ਨੇ ਇਹਦਾ ਰੀਕਾਰਡ ਭਰਵਾਇਆ ਸੀ:

ਨੱਚਾਂ ਮੈਂ ਲੁਧਿਆਣੇ ਵੇ, ਮੇਰੀ ਧਮਕ ਜਲੰਧਰ ਪੈਂਦੀ।

ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ! ਜਦ ਵੀ ਸ਼ੇਰ ਬੱਚੀ ਨੇ ਨੱਚਣਾ ਹੋਇਆ ਤਾਂ ਫਿਰ ਧਮਕ ਪੈਣੀ ਤਾਂ ਸੁਭਾਵਿਕ ਗੱਲ ਹੀ ਹੈ। ਯਾਦ ਆਇਆ ਕਿ ਕਰੀਬਨ 1973-74 ਦੀ ਗੱਲ ਹੋਵੇਗੀ, ਜਗਮੋਹਣ ਕੌਰ ਅਤੇ ਕੇ. ਦੀਪ ਇੰਗਲੈਂਡ ਫੇਰੀ ਲਈ ਜਦੋਂ ਪਹਿਲੀ ਵੇਰ ਆਏ ਤਾਂ ਉਨ੍ਹਾਂ ਦਾ ਇਕ ਪ੍ਰੋਗਰਾਮ ਸਾਊਥਾਲ ਵੀ ਕਰਵਾਇਆ ਗਿਆ। ਖਾਤਮੇ 'ਤੇ ਸੰਚਾਲਕਾਂ ਨੇ ਉਨ੍ਹਾਂ ਨੂੰ ਇਨ੍ਹਾਂ ਸਤਰਾਂ ਦੇ ਲੇਖਕ ਤੋਂ ਹੀ ਸਨੁਮਾਨਤ ਕਰਵਾਇਆ ਸੀ।

ਜੇ ਤੂੰ ਲੱਡੂ ਮਿੱਤਰਾਂ ਦੇ ਖਾਣੇ ਚਲ ਸੰਗਰੂਰ ਚਲੀਏ।
ਮੁਹੰਮਦ ਸਦੀਕ ਤੇ ਸਵਰਨ ਲਤਾ

ਧੂਰੀ, ਸੰਗਰੂਰ ਬੱਲੀਏ
ਗੱਲਾਂ ਹੁੰਦੀਆਂ ਨੇ ਨਾਭੇ ਪਟਿਆਲੇ।
ਕਰਮਜੀਤ ਧੂਰੀ

ਇਹ ਲੋਕ ਕਵੀ ਵੀ ਬੜੇ ਖ਼ਰਾਬ ਨੇ। ਮਾਲਵੇ ਦੀ ਸੈਰ ਕਰਦੇ-ਕਰਦੇ ਇਕਦਮ ਹਰਿਆਣੇ 'ਚ ਅੰਬਾਲਾ ਵੜ ਜਾਂਦੇ ਨੇ:-

ਜੰਕਸ਼ਨ ਧੂਰੀ ਦਾ, ਸਿੱਧੀ ਰੇਲ ਅੰਬਾਲੇ ਜਾਵੇ,
ਸੋਨੇ ਦੇ ਤਬੀਤ ਵਰਗਾ, ਮੈਨੂੰ ਪੱਖੇ ਵਾਲੇ ਡੱਬੇ 'ਚ ਬਹਾਵੇ।
ਗੁਰਦੇਵ ਸਿੰਘ

ਮਾਲਵੇ ਦੇ ਆਪਣੇ ਆਲੇ-ਦੁਆਲੇ ਦੇ ਪਿੰਡਾਂ ਦਾ ਜਿੰਨਾ ਖ਼ੂਬਸੂਰਤ ਚਿਤਰਨ ਸਾਹੋਕੇ ਦੇ ਬਾਬੂ ਰਜਬ ਅਲੀ ਨੇ ਕੀਤਾ ਹੈ, ਓਨਾ ਹੋਰ ਕੋਈ ਨਹੀਂ ਕਰ ਸਕਿਆ। ਇਸ ਦੇ ਪੇਂਡੂ ਸਭਿਆਚਾਰ ਨੂੰ ਉਸ ਨੇ ਰੱਜ-ਰੱਜ ਕੇ ਲਿਖਿਆ ਗਾਇਆ ਹੈ। ਨਾ ਕੇਵਲ, ਉਹ ਏਧਰ ਦੇ ਪਿੰਡਾਂ ਵਿਚ ਉੱਗਣ ਵਾਲੀਆਂ ਖ਼ਾਸ-ਖ਼ਾਸ, ਫਸਲਾਂ, ਬਾੜੀਆਂ, ਦਾਲਾਂ, ਸਬਜ਼ੀਆਂ ਆਦਿ ਦਾ ਜ਼ਿਕਰ ਕਰਦਾ ਹੈ, ਸਗੋਂ ਓਥੇ ਦੇ ਕੰਮੀਆਂ-ਕਾਰੀਗਰਾਂ ਵਲੋਂ ਬਣਾਈਆਂ ਗਈਆਂ ਖ਼ਾਸ-ਖ਼ਾਸ ਚੀਜ਼ਾਂ ਦੀ ਦੱਸ ਵੀ ਪਾਉਂਦਾ ਹੈ। ਏਥੇ ਅਸੀਂ ਨਮੂਨੇ ਵਜੋਂ ਉਹਦੀ ਲਿਖਤ ਦੀਆਂ ਕੁਝ ਪੰਗਤੀਆਂ ਪੇਸ਼ ਕਰ ਰਹੇ ਹਾਂ:

ਕੌਲੀਆਂ ਭਦੌੜ, ਨਾ ਕੜਾਹਾ ਭਾਈ ਰੂਪੇ ਜੈਸਾ,
ਘਾਂਗੇ ਦਾ ਪਲੰਘ ਹੈ, ਮਸ਼ਹੂਰ ਜੁੱਤੀ ਡੱਲੇ ਦੀ।
ਕੜਮੀਂ ਤੰਬਾਟੋ, ਮਿੱਠੀ ਗਾਜਰ ਚੁਹਾਨ ਕਿਆਂ ਦੀ,
ਆ ਜੇ ਕਰਨਾਲ ਖਾ ਲੱਜ਼ਤ ਦਹੀਂ-ਭੱਲੇ ਦੀ।
ਏਸ਼ਨ ਬਠਿੰਡਾ, ਤੇ ਸਰਾਂ ਨਾ ਨੂਰ-ਮਹਿਲ ਜੈਸੀ,
ਤਾਲ ਤਲਵੰਡੀ ਦਾ, ਸੁਹਾਵੇ ਢਾਬ ਮੱਲੇ ਦੀ।
ਮੇਰਠ ਜਿਹਾ ਗੁੜ, 'ਬਾਬੂ' ਅੰਬ ਨਾ ਅੰਬਾਲੇ ਜੈਸੇ,
ਲਹਿਰੀਏ ਪਟਿਆਲੇ ਤੇ ਜ਼ਨਾਨੀ ਜੋਗੇ-ਰੱਲੇ ਦੀ।
ਗੱਡੇ ਹੰਢਿਆਏ, ਸੀਰ ਵਾਲੀ ਦੀ ਗੰਡਾਸੀ ਚੰਗੀ,
ਸਾਰੰਗੀ ਸੰਘੇੜਿਆਂ ਦੀ, ਬਣਨ ਕੂੰਡੇ ਰਾਂਮਤੇ।
ਗੰਢੇ ਇੰਦਗੜ੍ਹ ਦੇ, ਨਕੋਦਰ ਚਿਲਮ ਚੰਗੀ,
ਬੱਸ ਹੋ ਗਈ ਨਾਸ ਦੀ ਗਿੱਦੜ-ਬਹੇ ਗਾਮ ਤੇ।
ਆਧਨੀਏਂ ਕਹੀ ਮੂਲਿਆਂ ਵਾਲੇ ਦੀ ਦਰਾਤੀ ਚੰਗੀ,
ਵਿੱਚੇ ਉੱਚੀ ਰੱਖਦੇ ਬਣਾ ਕੇ ਖਾਨਾ ਲਾਮ੍ਹ ਤੇ।

**ਮੁਕਤਸਰ:**

ਛੜਿਆਂ ਡਰੋਲੀ ਜਾਣਾ ਮੇਲਾ ਮੁਕਤਸਰ ਦਾ।
ਦੀਵਾਲੀ ਅੰਬਰਸਰ ਦੀ, ਮਾਘੀ ਮੁਕਤਸਰ ਦੀ।
ਕਿਤੇ ਮਿਲੀਂ ਵੇ ਭੂਆ ਦਾ ਪੁੱਤ ਬਣ ਕੇ, ਮੇਲੇ ਮੁਕਤਸਰ ਤੇ।

**ਨਾਭਾ**: ਸਿੱਖੀ ਰਹਿਤ-ਮਰਿਆਦਾ 'ਚ ਪਰਪੱਕ ਮਹਾਰਾਜਾ ਹੀਰਾ ਸਿੰਘ ਦਾ ਰਿਆਸਤੀ ਸ਼ਹਿਰ, ਜਿਸ ਬਾਰੇ ਇਹ ਲੋਕ-ਗੀਤ ਅਜੇ ਵੀ ਲੋਕਪ੍ਰਿਯ ਹੈ:

ਨਾਭੇ ਦੀਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।

## ਗੂੜ੍ਹੇ ਮਾਲਵੇ ਦੀ ਧੁੰਨੀ - ਸ਼ਹਿਰ ਪਟਿਆਲਾ

ਭਾਰਤ ਵਿਚ ਥੋੜ੍ਹੇ ਹੀ ਸ਼ਹਿਰ ਹਨ, ਜਿਹੜੇ ਸਭਿਆਚਾਰਕ ਤੌਰ 'ਤੇ ਬਿਲਕੁਲ ਆਪਣੀ ਹੀ ਵੱਖਰੀ-ਅੱਡਰੀ ਪਛਾਣ ਰੱਖਦੇ ਹਨ। ਯੂ.ਪੀ. ਦੇ ਪ੍ਰਸਿੱਧ ਸ਼ਹਿਰ ਲਖਨਊ ਵਾਂਗ ਉੱਤਰੀ ਭਾਰਤ ਵਿਚ ਪਟਿਆਲਾ ਹੀ ਵਾਹਦ ਸ਼ਹਿਰ ਹੈ, ਜਿਹੜਾ ਆਪਣੀ ਹੀ ਸ਼ਾਨੋ-ਸ਼ੌਕਤ ਦਾ ਹਾਮੀ ਹੈ। ਇਸ ਦਾ ਆਪਣਾ ਹੀ ਜਾਹੋ-ਜਲਾਲ ਹੈ। ਇਥੋਂ ਦੇ ਵਾਸੀਆਂ ਦੇ ਖਾਣ-ਪੀਣ ਅਤੇ ਪਹਿਨਣ-ਪਚਰਣ ਦੇ ਰੁਝਾਨ ਆਮ ਨਾਲੋਂ ਜ਼ਰਾ ਹਟ ਕੇ ਨਿਵੇਕਲੇ ਵੱਖਰੇ ਹੋਣ ਕਾਰਨ, ਪਟਿਆਲਾ ਸ਼ਾਹੀ ਪੈੱਗ, ਪਟਿਆਲਾ ਸ਼ਾਹੀ ਪੱਗ, ਪਟਿਆਲਾ ਸ਼ਾਹੀ ਸਲਵਾਰ, ਘੱਗਰਾ ਅਤੇ ਨਾਲ਼ੇ ਆਦਿ ਬੜੇ ਮਸ਼ਹੂਰ ਹਨ। ਸਾਡੇ ਲੋਕਾਇਣ, ਲੋਕਧਾਰਾ ਵਿਚ, ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਸਭਨਾਂ ਚੀਜ਼ਾਂ ਦਾ ਜ਼ਿਕਰ ਸਾਨੂੰ ਕਈ ਥਾਈਂ ਮਿਲਦਾ ਹੈ:-

ਸ਼ਹਿਰ ਪਟਿਆਲੇ ਦੇ ਮੁੰਡੇ, ਮੁੱਛ-ਫੁੱਟ ਗੱਭਰੂ ਨੇ ਸੋਹਣੇ।
ਪੱਗਾਂ ਪੋਚਵੀਆਂ ਯਾਰੋ, ਦਿਲਾਂ ਵੱਟੇ ਦਿਲ ਨੇ ਵਟਾਵੰਦੇ।
*(ਲਿਖਤ ਸੁਰਜੀਤ ਗਿੱਲ -ਆਵਾਜ਼ ਹਰਦੀਪ ਸਿੰਘ)*

ਕੱਦੋਂ-ਬੁੱਤੋਂ ਛੈਲ-ਛਬੀਲੇ ਅਤੇ ਬਣ-ਸੰਵਰ ਕੇ ਰਹਿਣ ਵਾਲੇ ਗਭਰੂਆਂ 'ਤੇ ਕੌਣ ਨਹੀਂ ਮਰਦਾ? ਏਸੇ ਲਈ ਪ੍ਰਕਾਸ਼ ਚੰਦ ਚਮਨ ਇਹ ਗੀਤ ਗਾਉਂਦਾ ਹੈ:-

ਭਈ ਕੁੜੀ ਦੇਖੋ ਲੁਧਿਆਣੇ ਦੀ,
ਮੁੰਡਾ ਲੱਭਦੀ ਫਿਰੇ ਪਟਿਆਲੇ *(1971)*

ਓਧਰੋਂ ਪਟਿਆਲੇ ਦੇ ਇਕ ਮੁੰਡੇ ਨੂੰ ਜਦੋਂ ਧੂਰੀ ਦੀ ਇਕ ਕੁੜੀ ਪਸੰਦ ਆ ਜਾਂਦੀ ਹੈ ਤਾਂ ਉਹ ਉਹਨੂੰ ਖ਼ੁਦ ਹੀ ਉਹਦੀ ਸਾਥਣ ਬਣਨ ਦੀ ਪੇਸ਼ਕਸ਼ ਕਰਦਾ ਹੈ:-

ਕੁੜੀ ਤੂੰ ਧੂਰੀ ਦੀ, ਸ਼ਹਿਰ ਮੇਰਾ ਪਟਿਆਲਾ।
ਜੋੜੀ ਬਣ ਜਾਊਗੀ, ਪਿਆਰ ਮੇਰੇ ਨਾਲ ਪਾ ਲਾ।
*-ਸ੍ਰੀ ਰਾਮ ਦਰਦ ਪਟਿਆਲਵੀ (1929-1965)*

ਜਾਪਦੈ, ਸ੍ਰੀ ਰਾਮ ਦਰਦ ਨੇ ਇਹ ਗਾਣਾ ਛੱਤੀ ਸਾਲ ਦੀ ਉਮਰ ਵਿਚ ਪਹਿਲਾਂ ਸੁਰਿੰਦਰ ਸੀਮਾ ਨਾਲ ਮਿਲ ਕੇ ਗਾਇਆ ਸੀ। ਸਮੇਂ ਦੇ ਬਦਲਣ ਨਾਲ ਸਾਡੇ ਜੀਵਨ ਵਿਚੋਂ ਭਾਵੇਂ ਕਾਫ਼ੀ ਕੁਝ ਅਲੋਪ ਹੋ ਚੁੱਕਾ ਹੈ, ਪਰ ਕੋਈ ਸਮਾਂ ਸੀ, ਜਦੋਂ ਘੱਗਰਾ ਵੀ ਬੇਹੱਦ ਸਤਿਕਾਰਤ ਲਿਬਾਸ ਹੁੰਦਾ ਸੀ। ਚੰਦ ਕੌਰ ਦਾ ਸ਼ੌਕ ਦੇਖੋ, ਉਹ ਆਪਣਾ ਘੱਗਰਾ ਵੀ ਘੁੰਗਰੂਆਂ ਵਾਲ਼ਾ ਪਾਉਂਦੀ ਹੈ:-

ਘੱਗਰਾ ਨੀ ਚੰਦ ਕੌਰ ਦਾ, ਵਿਚ ਨਾਲ਼ ਘੁੰਗਰੂਆਂ ਵਾਲਾ
ਸ਼ਹਿਰ ਪਟਿਆਲਾ, ਮੇਲ੍ਹਦਾ ਜਾਵੇ!

ਇਹ ਸ਼ਹਿਰ ਕਿਉਂਕਿ ਆਪਣੀਆਂ ਕੁਝ ਦਸਤਕਾਰੀ ਸੰਨਤਾਂ ਕਾਰਨ ਵੀ ਕਾਫ਼ੀ ਪ੍ਰਸਿੱਧ ਰਿਹਾ ਹੈ, ਇਸ ਲਈ ਸੁਆਣੀਆਂ ਕਿਸੇ ਆਉਂਦੇ ਜਾਂਦੇ ਕੋਲੋਂ ਸੁਗਾਤ ਵਜੋਂ ਨਾਲਿਆਂ ਦੀ ਮੰਗ ਕਰਦੀਆਂ ਰਹੀਆਂ ਹਨ:-

ਓ ਜਿੰਦ ਮਾਹੀ ਜੇ ਚਲਿਐਂ ਪਟਿਆਲੇ,
ਓਥੋਂ ਲਿਆਵੀਂ ਰੇਸ਼ਮੀ ਨਾਲ਼ੇ,
ਅੱਧੇ ਚਿੱਟੇ ਤੇ ਅੱਧੇ ਕਾਲ਼ੇ।
ਗੱਲਾਂ ਕਰਦੇ ਨੇ ਦੁਨੀਆਂ ਵਾਲ਼ੇ।

ਇਕ ਮਨਚਲਾ ਆਪਣੀ ਪ੍ਰੇਮਣ ਨੂੰ ਪਟਿਆਲੇ ਘੁੰਮਣ ਫਿਰਨ ਲਈ ਆਖਦਾ ਹੈ:-

ਚਲ ਚਲੀਏ ਪਟਿਆਲੇ, ਨਾਲ਼ੇ ਤੈਨੂੰ ਲੈ ਦਊ ਬੁੰਦੇ।
*(ਗਾਇਕ ਪਾਲ ਸਿੰਘ ਮਾਹੀ
ਜਨਮ ਪਿੰਡ ਪਲਾਣਾ, ਜ਼ਿਲ੍ਹਾ ਹੁਸ਼ਿਆਰਪੁਰ 1940
ਹਾਲ ਨਿਊਯਾਰਕ, ਅਮਰੀਕਾ)*

ਪਟਿਆਲਾ ਸ਼ਹਿਰ ਨਗੀਨਾ
ਆਉਣ ਪ੍ਰਾਹੁਣੇ ਦੋ ਦਿਨ ਲਈ,
ਰਹਿੰਦੇ ਸਵਾ ਮਹੀਨਾ।

ਇਹ ਕਹਾਵਤ ਸਾਨੂੰ ਏਥੋਂ ਦੀ ਪ੍ਰਾਹੁਣਚਾਰੀ ਬਾਰੇ ਚਾਨਣ ਪਾਉਂਦੀ ਹੈ। ਇਨ੍ਹਾਂ ਤੋਂ ਛੁੱਟ, ਪਟਿਆਲੇ ਬਾਰੇ ਇਨ੍ਹਾਂ ਗਵੰਤਰੀਆਂ ਦੇ ਇਹ ਗੀਤ ਵੀ ਕਾਫ਼ੀ ਪ੍ਰਸਿੱਧ ਹਨ:-

1. ਹਾੜਾ ਨੀ ਵਿਚ ਪਟਿਆਲੇ ਸ਼ਹਿਰ ਦੇ
ਸੋਹਣਾ ਯਾਰ ਨਜ਼ਰ ਨਾ ਆਵੇ
*ਗਾਇਕ :- ਭਾਈ ਛੈਲਾ ਪਟਿਆਲਾ
(ਦਸ ਇੰਚ ਡਬਲ ਸਾਈਡ ਰੀਕਾਰਡ ਨੰਬਰ)*

2. ਮੋਰ ਬੋਲੇ ਵੇ ਚਕੋਰ ਬੋਲੇ,
ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲੇ
ਨਾ ਪੰਜਾਬੀ ਬੋਲੇ, ਨਾ ਹਿੰਦੀ ਬੋਲੇ,
ਪਟਿਆਲਾ ਵਾਲਾ ਰਾਜਾ ਬੋਲੀ ਹੋਰ ਬੋਲੇ।
*ਗਾਇਕ : ਭਾਈ ਛੈਲਾ ਪਟਿਆਲਾ ਵਾਲ਼ਾ*

3. ਜਿੰਨਾ ਚਿਰ ਰਹੇ ਪਟਿਆਲੇ ਨਾਲ
ਟੌਚ ਓਨਾ ਚਿਰ ਮਿੱਤਰਾਂ ਦੀ ਗੱਲ ਰਹੀ।
ਗਾਇਕ ਸਾਰਥੀ ਕੇ., ਗੀਤਕਾਰ: - ਅਮਨ ਰਿਹਾਲ,
ਸੰਗੀਤ ਦਲਬੀਰ ਵਿਰਦੀ,
ਸਾਲ 2012, ਕੰਪਨੀ: ਟੀ-ਸੀਰੀਜ਼

4. ਤੂੰ ਤੇ ਆਖਿਆ ਭੁੱਲ ਗਿਆ ਹੋਣਾ,
ਹੋਰ ਕਿਸੇ 'ਤੇ ਡੁੱਲ੍ਹ ਗਿਆ ਹੋਣਾ,
ਐਡੀ ਨਈਂ ਸੁਖਾਲਾ ਛੱਡੀਦਾ,
ਪਟਿਆਲਾ ਪੈੱਗ ਲਾ ਛੱਡੀ ਦਾ
ਗਾਇਕ : - ਦਿਲਜੀਤ ਦੁਸਾਂਝ ਤੇ ਦਿਲਜੋਤ,
ਗੀਤ: - ਵੀਟ ਬਲਜੀਤ,
ਸੰਗੀਤ:- ਨਿੱਕ ਧੰਮੂ, ਸਾਲ 2014,
ਕੰਪਨੀ : ਸਪੀਡ ਰਿਕਾਰਡਜ਼

5. ਸੂਟ ਪਟਿਆਲਾ ਸ਼ਾਹੀ
ਗਾਇਕ ਅਨਜੂਸ਼ਾ ਸ਼ਰਮਾ (ਕੁੜੀ),
ਗੀਤਕਾਰ: ਟੌਰੀ ਮੁਦਗਿਲ, ਸੰਗੀਤ: ਹਰਪ੍ਰੀਤ ਸਿੰਘ,
ਸਾਲ : 2016, ਕੰਪਨੀ: 7 ਨੋਟਸਰੀਕਾਰਡ

6. ਪਟਿਆਲਾ ਸ਼ਾਹੀ ਪੱਗ
ਉੱਤੋਂ ਮੁੱਛ ਲਾਉਂਦੀ ਅੱਗ
ਟੌਰ ਵੇਖ ਸਰਦਾਰ ਦੀ
ਗਾਇਕ :- ਕੁਲਬੀਰ ਝਿੰਜਰ,
ਗੀਤਕਾਰ : ਤਰਸੇਮ ਜੱਸੜ,
ਸੰਗੀਤ : ਆਰ. ਗੁਰੂ, ਸਾਲ: 2014,
ਕੰਪਨੀ : ਵੇਹਲੀ ਜੰਤਾ ਰੀਕਾਰਡ

7. ਜੁੱਤੀ ਪਟਿਆਲੇ ਦੀ ਆ ਲਾਹੌਰ ਦੀਆਂ ਵਾਲੀਆਂ,
ਅੱਖਾਂ ਵਿਚ ਪਾਊਡਰ ਗੰਨ ਦਾ ਲਾਊਡਰ ਦੋ ਨਾਲੀਆਂ

ਗਾਇਕ: ਕੌਰ ਬੀ (ਕੁੜੀ),
ਗੀਤਕਾਰ: ਮਨਜਿੰਦਰ ਬਰਾੜ,
ਸੰਗੀਤ:- ਜੇ.ਐਸ.ਐਲ., ਸਾਲ : 2016,
ਕੰਪਨੀ: ਸਪੀਡ ਰਿਕਾਰਡਜ਼

8. ਕੰਨ ਲਾ ਕੇ ਸੁਣੀ ਕੈਲਗਿਰੀ ਵਾਲੀਏ
ਨੀ ਮੁੰਡਾ ਕਰਦਾ ਬਿਲੌਂਗ ਪਟਿਆਲੇ ਸ਼ਹਿਰ ਤੋਂ
ਗਾਇਕ: ਕੰਵਰ ਅਤੇ ਤਰਨ, ਗੀਤ: ਪ੍ਰੀਤ ਸੁਰੋਂ,
ਸੰਗੀਤ: ਕੰਵਰ ਬੈਦਵਾਨ, ਸਾਲ 2018,
ਕੰਪਨੀ: ਐਮ.ਪੀ. ਫੋਰ ਰਿਕਾਰਡਸ

9. ...
ਗਾਇਕ: ਅਨਮੋਲ ਗਗਨ ਮਾਨ (ਕੁੜੀ),
ਗੀਤਕਾਰ: ਸੁਰਜੀਤ ਖੇਰਵਾਲਾ,
ਸੰਗੀਤ : ਜਤਿੰਦਰ ਜੀਤੂ, ਸਾਲ : 2020,
ਕੰਪਨੀ: ਟੀ-ਸੀਰੀਜ਼

10. ਬੰਨ੍ਹ ਪਟਿਆਲਾ ਸ਼ਾਹੀ ਆਜਾ ਸੋਹਣਿਆ
ਮੈਂ ਤੇਰੇ ਆਲ਼ੀ ਜੱਟੀ ਤੈਨੂੰ ਡੇਟ ਕਰਦੀ
ਗਾਇਕ : ਜੁਗਰਾਜ ਸੰਧੂ ਅਤੇ ਸਰਦਾਰਨੀ ਪ੍ਰੀਤ,
ਗੀਤਕਾਰ: ਯੂਅਰਸ ਗੁਰੀ, ਸੰਗੀਤ: ਡਾਕਟਰ ਸ੍ਰੀ,
ਸਾਲ: , ਕੰਪਨੀ ਮਾਲਵਾ ਫਿਲਮਜ਼

ਅੱਜਕਲ੍ਹ ਵੀ ਪੰਜਾਬ ਦੇ ਕਈ ਮੁੰਡੇ ਕੁੜੀਆਂ ਪਟਿਆਲੇ ਦੇ ਸੁਹੱਪਣ ਨੂੰ ਗਾਈ ਤੁਰੇ ਜਾਂਦੇ ਨੇ। ਯੂ-ਟਿਊਬ 'ਤੇ ਪਾਈ ਜਾਂਦੇ ਨੇ। ਤਾਜ਼ਾ ਮਿਸਾਲ

''ਕਿੰਨਾ ਸੋਹਣਾ ਏ ਪਟਿਆਲਾ, ਮੈਨੂੰ ਸੂਟ ਸਿਵਾ ਦੇ ਕਾਲਾ
ਨਿੱਕੀਆਂ ਨਿੱਕੀਆਂ ਬੂਟੀਆਂ ਵਾਲ਼ਾ
ਕਲ ਰਾਤੀਂ ਮੈਂ ਲਿਖਤਾ ਤੇਰਾ ਨਾਮ ਬਨੇਰੇ 'ਤੇ।

ਸੋ ਮਿੱਤਰੋ, ਪਿਆਰਿਓ ਪਟਿਆਲੇ ਦੀਆਂ ਕੀ ਰੀਸਾਂ। ਪਟਿਆਲਾ ਪਟਿਆਲਾ ਹੀ ਹੈ।

## ਮਾਲਵੇ ਦਾ ਸਨਅਤੀ ਸ਼ਹਿਰ – ਲੁਧਿਆਣਾ

ਹੁਣ ਅਸੀਂ ਮਾਲਵੇ ਦੇ ਇਕ ਹੋਰ ਸ਼ਹਿਰ ਲੁਧਿਆਣੇ ਦਾ ਜ਼ਿਕਰ ਕਰਾਂਗੇ। ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਇਕ ਛੋਟਾ ਜਿਹਾ ਸ਼ਹਿਰ ਸੀ, ਜਿਹਦੀ ਕੋਈ ਐਨੀ ਅਹਿਮੀਅਤ ਵੀ ਨਹੀਂ ਸੀ ਹੁੰਦੀ। ਚੌੜਾ ਬਾਜ਼ਾਰ, ਪੁਰਾਣਾ ਬਾਜ਼ਾਰ ਅਤੇ ਸਬਜ਼ੀ ਮੰਡੀ ਇਹਦੇ ਪੁਰਾਣੇ ਬਾਜ਼ਾਰ ਹੁੰਦੇ ਸਨ ਅਤੇ ਘੰਟਾ ਘਰ ਇਹਦੀ ਮੁੱਖ ਪਛਾਣ। ਇਸ ਸ਼ਹਿਰ ਦਾ ਜ਼ਿਕਰ ਵੀ ਸਾਡੇ ਲੋਕ-ਗੀਤਾਂ ਵਿਚ ਆਉਂਦਾ ਹੈ:-

ਮੈਂ ਮੰਗ ਲੁਧਿਆਣੇ ਦੀ ਮੁੰਡਾ ਮਾਝੇ ਦਾ ਲੈ ਗਿਆ ਲਾਵਾਂ।

ਬੜੀ ਪੁਰਾਣੀ ਗੱਲ ਹੈ, ਲੁਧਿਆਣਾ ਦੇ ਇਕ ਪੁਰਾਣੇ ਵਸਨੀਕ ਨੇ ਲੇਖਕ ਨੂੰ ਇਕ ਵੇਰ ਦਸਿਆ ਸੀ ਕਿ ਇਥੋਂ ਦੇ ਕਿਸੇ ਰੰਗੀਲੇ ਨਾਂ ਦੇ ਗਵੰਤਰੀ ਨੇ ਇਕ ਤਵਾ ਭਰਵਾਇਆ ਸੀ, ਜਿਸ ਦੇ ਬੋਲ ਕੁਝ ਅਜਿਹੇ ਸਨ:-

ਲੁਧਿਆਣਾ ਸ਼ਹਿਰ ਨਗੀਨਾ, ਜਾਵੇ ਦਿਨ ਲਈ ਰਹੇ ਮਹੀਨਾ।

ਇਹ ਪਾਕਿਸਤਾਨ ਬਣਨ ਤੋਂ ਪਹਿਲਾਂ ਦੀਆਂ ਗੱਲਾਂ ਹਨ। 1947 ਪਿੱਛੋਂ ਇਹ ਸ਼ਹਿਰ ਵੱਖ-ਵੱਖ ਸਨਅਤਾਂ ਲੱਗਣ ਕਾਰਨ ਐਨਾ ਵਧ ਫੁੱਲ ਗਿਆ ਕਿ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਅਖਾੜੇ ਲਾ ਕੇ ਗਾਉਣ ਵਾਲੇ ਗਵੰਤਰੀਆਂ ਦਾ ਇਹ ਗੜ੍ਹ ਬਣ ਗਿਆ, ਜਿਨ੍ਹਾਂ ਵਿਚੋਂ ਬਹੁਤਿਆਂ ਦੇ ਵਿੱਦਿਆ-ਗੁਰੂ ਜਸਵੰਤ ਸਿੰਘ ਭੰਮਰਾ ਸਨ। ਆਪਣੇ-ਆਪਣੇ ਪਿੰਡ ਗਰਾਂ ਛੱਡ ਕੇ ਹੋਣਹਾਰ ਕਲਾਕਾਰ ਇੱਥੇ ਆ ਕੇ ਆਬਾਦ ਹੋਣੇ ਸ਼ੁਰੂ ਹੋ ਗਏ। ਨਤੀਜਾ ਇਹ ਨਿਕਲਿਆ ਕਿ ਗਾਉਣ ਵਾਲਿਆਂ ਨੇ ਇਸ ਸ਼ਹਿਰ ਨੂੰ ਸਭ ਤੋਂ ਵੱਧ ਗਾਇਆ:-

ਲੁਧਿਆਣੇ ਜਾ ਵਸਣਾ, ਛੱਡ ਜਾਣਾ ਮੈਂ ਸ਼ਹਿਰ ਤੇਰਾ ਧੂਰੀ।
(ਕਰਮਜੀਤ/ਨਰਿੰਦਰ ਬੀਬਾ (1941-1997))

ਨੱਚਾਂ ਮੈਂ ਲੁਧਿਆਣੇ, ਮੇਰੀ ਧਮਕ ਜਲੰਧਰ ਪੈਂਦੀ।
ਜਗਮੋਹਣ ਕੌਰ (1948-1998)

ਲੁਧਿਆਣੇ ਦੇ ਮਦਰੱਸੇ ਪੜ੍ਹਦਾ, ਬਾਪੂ ਮੇਰੇ ਹਾਣ ਦਾ ਮੁੰਡਾ।
ਲੁਧਿਆਣੇ ਮੁੰਡਾ ਪੜ੍ਹਦਾ, ਮੈਨੂੰ ਉਹਦੇ ਨਾਲ ਪਿਆਰ।
(ਰਣਜੀਤ ਕੌਰ, ਮੁਹੰਮਦ ਸਦੀਕ)

ਕੋਈ ਵੀ ਮਾਲਦਾਰ ਆਸਾਮੀ ਕਿਸ ਨੂੰ ਚੰਗੀ ਨਹੀਂ ਲੱਗਦੀ? ਕੁੜੀਆਂ ਨੂੰ ਲੁਧਿਆਣੇ ਦੇ ਮੁੰਡੇ ਇਸ ਲਈ ਚੰਗੇ ਲੱਗਦੇ ਹਨ, ਕਿਉਂਕਿ ਉਹ ਆਪਣੀਆਂ ਜੇਬਾਂ ਭਰੀ ਰੱਖਦੇ ਹਨ:-

ਲੁਧਿਆਣੇ ਦੇ ਮੁੰਡੇ ਚੰਗੇ, ਜੇਬਾਂ ਰੱਖਦੇ ਭਰੀਆਂ,
ਮਾੜੀ ਕੁੜੀ ਨਾਲ ਵਿਆਹ ਨਹੀਂ ਕਰਾਉਂਦੇ,
ਵਿਆਹ ਕੇ ਲਿਆਉਂਦੇ ਪਰੀਆਂ।
ਸੁਣ ਲੈ ਬਿਸ਼ਨ ਕੁਰੇ, ਗੱਲਾਂ ਖਰੀਆਂ ਖਰੀਆਂ!
(ਦਲੀਪ ਸਿੰਘ ਦੀਪ ਤੇ ਬਲਵੀਰ ਸੁਰੱਈਆ,
ਗਿੱਲ ਰੀਕਾਰਡ ਮਿਊਜ਼ਿਕ)

ਮੁੱਢ ਕਦੀਮ ਤੋਂ ਪੰਜਾਬ ਦੀਆਂ ਸਰਹੱਦਾਂ ਸਿਮਟਦੀਆਂ ਰਹੀਆਂ ਹਨ। ਕੋਈ ਸਮਾਂ ਸੀ ਜਦੋਂ ਦਿੱਲੀ ਵੀ ਇਹਦਾ ਹਿੱਸਾ ਹੁੰਦਾ ਸੀ। ਸਿੰਘਾਂ ਨੇ ਜਦੋਂ ਦਿੱਲੀ 'ਤੇ ਕਬਜ਼ਾ ਕੀਤਾ ਤਾਂ ਉਦੋਂ ਇਹ ਲੋਕ-ਗੀਤ ਪ੍ਰਚੱਲਤ ਹੋਇਆ ਸੀ:

ਸੁੱਤੀ ਪਈ ਦੀ ਭੈਣੇ ਨੀ ਮੇਰੀ ਬੇਸਿਰ ਹਿੱਲੀ,
ਭੈਣੋ ਦਿਓ ਵਧਾਈਆਂ, ਸਿੰਘਾਂ ਦਿੱਲੀ ਮੱਲੀ।

ਦੇਸ਼ ਦੀ ਰਾਜਧਾਨੀ ਹੋਣ ਕਰਕੇ ਦਿੱਲੀ ਦੇ ਵਾਸੀ ਆਪਣੇ ਆਪ ਨੂੰ ਸੁਪਰ ਸਮਝਦੇ ਰਹੇ ਹਨ ਅਤੇ ਦੂਜਿਆਂ ਨੂੰ ਟਿੱਚ। ਇਸੇ ਲਈ ਤਾਂ ਉਹ ਆਖਦੇ:

ਦਿੱਲੀ ਦਿਲ ਹੈ-ਬਾਕੀ ਨਿੱਲ ਹੀ ਨਿੱਲ ਹੈ।

ਸੋ ਇਨ੍ਹਾਂ ਹਾਲਾਤ 'ਚ ਏਥੇ ਦੀਆਂ ਮਜਾਜਣ ਕੁੜੀਆਂ ਦਾ ਨਖਰਾ ਦੂਜੀਆਂ ਨਾਲੋਂ ਜ਼ਰਾ ਉੱਚਾ ਹੋਣਾ ਕੁਦਰਤੀ ਗੱਲ ਹੈ:-

ਕੁੜੀ ਆਂ ਮੈਂ ਚੰਨਾ ਦਿੱਲੀ ਸ਼ਹਿਰ ਦੀ
ਤੂੰ ਕੀ? ਜੱਟ ਲੁਧਿਆਣੇ ਦਾ?
-ਸੁਰਿੰਦਰ ਕੌਰ, (1929-2006)

ਪਰ ਲੁਧਿਆਣੇ ਦੇ ਜੱਟ ਨੂੰ ਉਹਦੀ ਧੌਂਸ, ਉਹਦੀ ਆਕੜ ਮਨਜ਼ੂਰ ਨਹੀਂ:

ਹੋਇਆ ਕੀ ਜੇ ਕੁੜੀ ਏਂ ਤੂੰ ਦਿੱਲੀ ਸ਼ਹਿਰ ਦੀ



ਜਗਰਾਵਾਂ ਠੰਢੀਆਂ ਛਾਵਾਂ - ਜਗਰਾਵਾਂ ਦੀ ਪ੍ਰਸਿੱਧ ਗਾਇਕਾ ਇਲਾਹੀ ਜਾਨ () ਸਾਂਝੇ ਪੰਜਾਬ ਦੀ ਜਿਹੜੀ ਬੜੀ ਵੱਡੀ ਗਾਇਕਾ ਸੀ। ਸਾਰੀ ਉਮਰ ਭਾਵੇਂ ਕਿ ਉਹ ਇਕ ਆਜ਼ਾਦ ਪੰਛੀ ਵਾਂਗ ਦੇਸ਼ ਭਰ 'ਚ ਵਿਚਰਦੀ ਰਹੀ, ਪਰ ਕੁਝ ਸਾਲ ਉਹ ਪਟਿਆਲਾ ਦਰਬਾਰ ਨਾਲ ਵੀ ਜੁੜੀ ਰਹੀ। ਉਸ ਦੀ ਇਹ ਅਦੁੱਤੀ ਤਸਵੀਰ 1900 ਈ. ਵਿਚ ਪਟਿਆਲਾ ਵਿਚ ਲਾਹੀ ਗਈ ਸੀ।

ਮੈਂ ਵੀ ਜੱਟ ਲੁਧਿਆਣੇ ਦਾ।
(ਹਰਚਰਨ ਗਰੇਵਾਲ (1928-1992)

ਨਿਰਸੰਦੇਹ ਲੁਧਿਆਣਾ ਵਾਸੀਆਂ ਨੂੰ ਆਪਣੇ ਆਪ 'ਤੇ ਬਜਾ ਫ਼ਖਰ ਹੈ:-

ਧਾਵੇ, ਧਾਵੇ, ਧਾਵੇ-
ਲੁਧਿਆਣੇ ਟੇਸ਼ਣ 'ਤੇ ਮੇਰਾ ਜੀਜਾ ਰੇਲ ਚਲਾਵੇ।

ਨਾਲ ਲੱਗਦਾ ਅਸੀਂ ਹੁਣ ਮਾਲਵੇ ਦੇ ਕੁਝ ਹੋਰ ਸ਼ਹਿਰਾਂ ਦਾ ਜ਼ਿਕਰ ਵੀ ਕਰ ਦਿੰਦੇ ਹਾਂ।

## ਬਠਿੰਡਾ

ਸਮੇਂ ਦੇ ਬੀਤਣ ਨਾਲ ਇਹ ਸ਼ਹਿਰ ਹੁਣ ਤਾਂ ਭਾਵੇਂ ਚਕਾਚੌਂਧ 'ਸੈਟੇਲਾਈਟ ਟਾਊਨ' ਬਣ ਚੁੱਕਾ ਹੈ, ਪਰ ਪੁਰਾਣੇ ਸਮਿਆਂ 'ਚ ਬਠਿੰਡਾ ਅਤੇ ਫਰੀਦਕੋਟ ਆਪਣੇ ਟਿੱਬਿਆਂ ਦੀ ਰੇਤਾ ਅਤੇ ਕਿੱਕਰਾਂ ਦੇ ਤੁੱਕਿਆਂ ਕਾਰਨ ਬੜੇ ਮਸ਼ਹੂਰ ਸਨ। ਕਹਾਵਤ ਹੈ:

ਦੇਖ ਲਿਆ ਮੈਂ ਤੇਰਾ ਬਠਿੰਡਾ,
ਪਾਣੀ ਨਾ ਮਿਲਦਾ ਕਿਤਿਉਂ ਠੰਢਾ
ਕਾਲ਼ਾ ਹੋ ਗਿਆ ਸੜ ਕੇ ਪਿੰਡਾ।

ਪਰ ਭੁੱਚੋ ਵਾਲੇ ਸੰਤ ਬਾਬਾ ਹਰਨਾਮ ਸਿੰਘ (1870 ਬਿਕਰਮੀ-1927 ਈ.) ਇਨ੍ਹਾਂ ਪੰਗਤੀਆਂ ਨੂੰ ਥੋੜ੍ਹੇ ਜਿਹੇ ਬਦਲ ਨਾਲ ਇੰਝ ਗਾਇਆ ਕਰਦੇ ਸਨ:-

ਦੇਖਿਆ ਤੇਰਾ ਸ਼ਹਿਰ ਬਠਿੰਡਾ
ਜਿੱਥੇ ਨਾ ਤੋਰੀ ਨਾ ਟੀਂਡਾ।
ਨਹਾਉਣ ਧੋਣ ਨੂੰ ਮਿਲੇ ਨਾ ਪਾਣੀ।
ਭੂਤ ਵਰਗਾ ਹੋ ਜਾਏ ਪਿੰਡਾ।

ਅਤੇ:

ਸੱਗੀ ਫੁੱਲ ਤੇਰੇ ਬਣਨ ਬਠਿੰਡਾ
ਤੇ ਸਾਈ ਡੰਡੀਆਂ ਦੀ ਦਿੱਤੀ ਬਰਨਾਲੇ।
ਨੀ ਮਤਲਬ ਕੱਢ ਲੈਣਗੇ
ਜਿਹੜੇ ਮਿੱਠੀਆਂ ਜ਼ੁਬਾਨਾਂ ਵਾਲੇ।

## ਜਗਰਾਵਾਂ

ਸ਼ਹਿਰ ਜਗਰਾਵਾਂ, ਜਿਹੜਾ ਲੁਧਿਆਣੇ ਤੋਂ 40 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਏਥੇ ਦੇ ਪੀਰਾਂ-ਫਕੀਰਾਂ (ਜਗਰਾਵਾਂ ਦੀ ਰੌਸ਼ਨੀ) ਅਤੇ ਪੰਜਾਬ ਭਰ 'ਚ ਮਸ਼ਹੂਰ ਗਾਇਕਾਵਾਂ ਇਲਾਹੀ ਜਾਨ ਅਤੇ ਉਹਦੀ ਧੀ ਗੌਹਰ ਸੁਲਤਾਨਾ ਕਰਕੇ ਬੜਾ ਮਸ਼ਹੂਰ ਰਿਹਾ ਹੈ। ਸ਼ਾਇਰਾਂ ਨੇ ਇਸ ਸ਼ਹਿਰ ਨੂੰ ਵੀ ਆਪਣੇ-ਆਪਣੇ ਕਲਾਮ ਨਾਲ ਖ਼ੂਬ ਨਿਵਾਜਿਆ ਹੈ:-

ਜਗਰਾਵਾਂ ਠੰਢੀਆਂ ਛਾਵਾਂ
ਲੁਧਿਆਣਾ ਲੋਅ ਵਗਦੀ
ਮੋਗੇ ਪੈਰ ਨਾ ਪਾਵਾਂ।
ਪੀਰਾਂ ਦੇ ਸਕਦੇ, ਮੈਂ ਸੌ ਸੌ ਸ਼ਗਨ ਮਨਾਵਾਂ।
***
ਆਰੀ, ਆਰੀ ਆਰੀ
ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ।
ਵੈਲ਼ੀਆਂ ਦਾ 'ਕੱਠ ਹੋ ਗਿਆ,
ਉਨ੍ਹਾਂ ਬੋਤਲਾਂ ਮੰਗਾ ਲਈਆਂ ਚਾਲ਼ੀ।
ਚਾਲ਼ੀਆਂ 'ਚੋਂ ਇਕ ਬਚ ਗਈ,
ਉਹ ਚੱਕ ਕੇ ਮਹਿਲ ਨਾਲ ਮਾਰੀ।

## ਮੋਗਾ

ਜਗਰਾਵਾਂ ਵਾਲੇ ਮੋਗੇ ਭਾਵੇਂ ਪੈਰ ਨਾ ਪਾਉਂਦੇ ਹੋਣ, ਪਰ ਇਸ ਸ਼ਹਿਰ ਦੀ ਵੀ ਆਪਣੀ ਮਹੱਤਤਾ ਰਹੀ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਭਰ 'ਚ ਆਪਣੀਆਂ ਤੀਆਂ ਅਤੇ ਅੱਖਾਂ ਦੇ ਮਥਰਾ ਦਾਸ ਹਸਪਤਾਲ ਕਰਕੇ ਮਸ਼ਹੂਰ ਸੀ। ਫਿਰ ਇਹ ਆਪਣੀ ਚਾਹ ਕਾਰਨ ਵੀ ਮਸ਼ਹੂਰ ਹੋਇਆ- ਇਸੇ ਲਈ ਲੋਕੀਂ ਇਹ ਕਹਿਣ ਲੱਗ ਪਏ:

''ਮੋਗਾ, ਚਾਹ ਜੋਗਾ।'' ਲੋਕ-ਗੀਤਾਂ ਵਿਚ ਇਸ ਸ਼ਹਿਰ ਦੀਆਂ ਸਿਫ਼ਤਾਂ ਦੀ ਜੜਤ ਕੁਝ ਇਸ ਪ੍ਰਕਾਰ ਹੈ:

ਪਿੰਡਾਂ ਵਿਚੋਂ ਪਿੰਡ ਸੁਣੀਦਾ ਪਿੰਡ ਸੁਣੀਦਾ ਮੋਗਾ
ਉਰਲੇ ਪਾਸੇ ਢਾਬ ਸੁਣੀਦੀ, ਪਰਲੇ ਪਾਸੇ ਟੋਭਾ
ਟੋਭੇ 'ਤੇ ਇਕ ਸਾਧੂ ਰਹਿੰਦਾ, ਬਹੁਤ ਸੁਣੀਦੀ ਸੋਭਾ
ਆਉਂਦੀ ਜਾਂਦੀ ਨੂੰ, ਘੜਾ ਚੁਕਾਉਂਦਾ
ਮਗਰੋਂ ਮਾਰਦਾ ਗੋਡਾ
ਲੱਕ ਮੇਰਾ ਪਤਲਾ ਜਿਹਾ, ਭਾਰ ਸਹਿਣ ਨਾ ਜੋਗਾ।

ਅਗਲੀਆਂ ਕੁਝ ਪੰਗਤੀਆਂ ਵਿਚ ਮਾਲਵੇ ਦੇ ਕੁਝ ਹੋਰ ਸ਼ਹਿਰਾਂ, ਜਿਵੇਂ ਕਿ **ਫ਼ਰੀਦਕੋਟ, ਕੋਟਕਪੂਰਾ, ਧੂਰੀ, ਸੰਗਰੂਰ** ਅਤੇ **ਨਾਭਾ** ਆਦਿ ਦਾ ਵੀ ਵਰਣਨ ਹੈ:-

## ਫ਼ਰੀਦਕੋਟ

1. ਫਰੀਦਕੋਟ, ਪਾਣੀ ਦੀ ਤੋਟ,
   ਸੜਕਾਂ 'ਤੇ ਘੱਟ, ਦਿਲਾਂ 'ਚ ਖੋਟ।
2. ਅਸੀਂ ਚੱਲੇ ਆਂ ਫਰੀਦਕੋਟ ਠਾਣੇ
   ਇਕ ਤੇਰੇ ਦਮ ਬਦਲੇ।

## ਕੋਟਕਪੂਰਾ

ਜੱਟੀ ਕੋਟਕਪੂਰੇ ਦੀ, ਹੁਸਨ ਜੱਟੀ ਦਾ ਚੋਰ।
ਤੇੜ ਜੱਟੀ ਦੇ ਲੁੰਗੀ ਸੋਹੇ, ਵਲ਼ ਪੈਂਦਾ ਘਨਘੋਰ।
ਸਿਰ 'ਤੇ ਭੱਤਾ, ਹੱਥ ਢਾਕ 'ਤੇ, ਮੋਰਾਂ ਵਰਗੀ ਤੋਰ,
ਘੁਲ ਲਈਂ ਵੇ ਮਿੱਤਰਾ, ਜੇ ਤੂੰ ਦੇਖਣਾ ਜ਼ੋਰ।
***
ਜੱਟੀ ਕੋਟਕਪੂਰੇ ਦੀ, ਤੇ ਬਾਹਮਣ ਅੰਬਰਸਰ ਦਾ।
ਜੱਟੀ ਪਕਾਵੇ ਰੋਟੀਆਂ ਤੇ ਬਾਹਮਣ ਪੇੜੇ ਕਰਦਾ।
ਅੰਦਰ ਵੜੀ ਪ੍ਰੇਥਣ ਨੂੰ, ਮਗਰੇ ਬਾਹਮਣ ਵੜਦਾ।
***
ਧੂਰੀ ਸੰਗਰੂਰ ਬੱਲੀਏ,
ਗੱਲਾਂ ਹੁੰਦੀਆਂ ਨੇ ਨਾਭੇ ਪਟਿਆਲੇ (ਕਰਮਜੀਤ ਧੂਰੀ)
***

## ਮੁਕਤਸਰ

ਛਡਿਆਂ ਡਰੋਲੀ ਜਾਣਾ, ਮੇਲਾ ਮੁਕਤਸਰ ਦਾ।
ਦੀਵਾਲੀ ਅੰਬਰਸਰ ਦੀ, ਮਾਘੀ ਮੁਕਤਸਰ ਦੀ।

## ਨਾਭਾ

ਸਿੱਖੀ ਰਹਿਤ ਮਰਿਆਦਾ 'ਚ ਪ੍ਰਪੱਕ ਮਹਾਰਾਜਾ ਹੀਰਾ ਸਿੰਘ ਦਾ ਰਿਆਸਤੀ ਸ਼ਹਿਰ, ਜਿਸ ਬਾਰੇ ਇਹ ਲੋਕ-ਗੀਤ ਅਜੇ ਵੀ ਲੋਕ-ਪ੍ਰਿਯ ਹੈ:-

ਨਾਭੇ ਦੀਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।

ਹਰ ਬੰਦੇ ਦਾ ਆਪਣਾ-ਆਪਣਾ ਜੀਵਨ ਢੰਗ ਹੈ, ਰਹਿਣ-ਸਹਿਣ ਹੈ, ਨਜ਼ਰੀਆ ਹੈ। ਜਿਵੇਂ ਕਿ ਇਹ ਬੋਲੀ ਦਰਸਾਉਂਦੀ ਹੈ, ਇਹ ਦੁਨਿਆਵੀ ਨਸ਼ੇ ਵੀ ਆਪਣੀ-ਆਪਣੀ ਜਗ੍ਹਾ ਠੀਕ ਹਨ। ਕਈ ਲੋਕ ਨਾਭੇ ਨੂੰ ਏਸੇ ਕਾਰਨ ਹੀ ਯਾਦ ਕਰਦੇ ਹੋਣਗੇ, ਪਰ ਇਸ ਸ਼ਹਿਰ ਨੂੰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਜੀ ਬਗ਼ੈਰ ਯਾਦ ਕਰਨਾ ਨਿਰਮੂਲ ਹੈ। ਓਹੋ ਜਿਹੇ ਸਪੂਤਾਂ ਨੂੰ ਮਾਵਾਂ ਸਦੀਆਂ ਬਾਅਦ ਹੀ ਜਨਮ ਦਿੰਦੀਆਂ ਹਨ। ਪ੍ਰੋ. ਸੰਤ ਸਿੰਘ ਸੇਖੋਂ ਇਹ ਗੱਲ ਅਕਸਰ ਕਿਹਾ ਕਰਦੇ ਸਨ ਕਿ ਹਰ ਪੰਜਾਬੀ ਦੇ ਘਰ ਸ਼ਾਹ ਮੁਹੰਮਦ (1780-1839) ਦਾ ਕਿੱਸਾ 'ਜੰਗਨਾਮਾ' ਹੋਣਾ ਬੜਾ ਜ਼ਰੂਰੀ ਹੈ। ਜ਼ਾਤੀ ਤੌਰ 'ਤੇ ਇਹ ਗੱਲ ਮੈਂ ਬੜੀ ਸ਼ਿੱਦਤ ਨਾਲ ਅਕਸਰ ਸੋਚਦਾ ਹਾਂ ਕਿ ਉਹ ਪੰਜਾਬੀ ਕਿੰਨੇ ਬਦਨਸੀਬ ਹੋਣਗੇ, ਜਿਨ੍ਹਾਂ ਦੇ ਘਰੀਂ ਗਿਆਨ ਦਾ ਸਾਗਰ 'ਮਹਾਨ ਕੋਸ਼' ਗ੍ਰੰਥ ਵੀ ਹੈ ਨਹੀਂ।

ਮੁਗ਼ਲ ਬਾਦਸ਼ਾਹ ਅੱਲਾ ਦੇ ਨਾਂ 'ਤੇ (ਅੱਲਾਹਾਬਾਦ) ਜਾਂ ਆਪਣੇ ਨਾਵਾਂ 'ਤੇ (ਸ਼ਾਹਜਹਾਨਾਬਾਦ, ਔਰੰਗਾਬਾਦ ਆਦਿ) ਸ਼ਹਿਰ ਤਾਂ ਵਸਾ ਲੈਂਦੇ ਸਨ, ਪਰ ਹੋਰ ਕਿਸੇ ਵਲੋਂ ਬਣਾਏ ਗਏ ਨੂੰ ਨਹੀਂ ਸੀ ਬਰਦਾਸ਼ਤ ਕਰਦੇ। ਤਾਰੀਖ਼ ਇਸ ਗੱਲ ਦੀ ਗਵਾਹ ਹੈ ਕਿ ਇਕ ਵੇਰ ਸ਼ਾਹਜਹਾਨ ਦੇ ਇਕ ਵੱਡੇ ਜਰਨੈਲ ਰੁਸਤਮ ਖ਼ਾਂ, ਜਿਹੜਾ ਕਿ ਛੇਵੀਂ ਪਾਤਸ਼ਾਹੀ ਸਮੇਂ ਪੈਂਦੇ ਖ਼ਾਂ ਦਾ ਸਮਕਾਲੀ ਸੀ, ਅਤੇ ਬਹੁਤ ਵੱਡਾ ਭਲਵਾਨ ਸੀ, ਨੇ ਜਦੋਂ ਆਪਣੇ ਨਾਂ 'ਤੇ ਇਕ ਨਵਾਂ ਸ਼ਹਿਰ 'ਰੁਸਤਮ ਨਗਰ' ਵਸਾ ਲਿਆ ਤਾਂ ਬਾਦਸ਼ਾਹ ਐਨਾ ਖ਼ਫ਼ਾ ਹੋਇਆ ਕਿ ਢਾਹੁਣ ਦੇ ਹੁਕਮ ਦੇ ਦਿੱਤੇ। ਆਖਰ ਇਸ ਗੱਲ 'ਤੇ ਮੰਨ-ਮਨੌਤੀ ਹੋਈ ਕਿ ਉਹਦਾ ਨਾਂ ਬਦਲ ਕੇ ਮੁਰਦਾਬਾਦ ਰੱਖਿਆ ਗਿਆ। ਇਸ ਗੱਲ ਦੇ ਸਬੂਤ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਅੱਜ ਵੀ ਦੇਖੇ ਜਾ ਸਕਦੇ ਹਨ। (ਹਵਾਲਾ ਓਰੀਐਂਟਲ ਨੰਬਰ 1733, ਸਫ਼ਾ 62)

ਪਰ ਗੁਰੂ ਸਾਹਿਬਾਨ ਜਾਬਰ ਹੁਕਮਰਾਨਾਂ ਦੇ ਏਹੋ ਜਿਹੇ ਕੜੇ ਕਾਨੂੰਨ ਕਾਹਨੂੰ ਮੰਨਦੇ ਸਨ। ਮਹਾਰਾਜ ਜੀਆਂ ਨੇ ਮੁਗ਼ਲ ਦੌਰ ਸਮੇਂ ਅਨੇਕਾਂ ਨਵੇਂ ਸ਼ਹਿਰ ਆਬਾਦ ਕੀਤੇ। ਆਪਣੇ ਕਿਸੇ ਲੇਖ ਵਿਚ ਇਕ ਵੇਰ ਮੈਂ ਲਿਖਿਆ ਸੀ ਕਿ ਬਾਬੇਕਿਆਂ ਅਤੇ ਬਾਬਰਕਿਆਂ ਦਾ ਮੁੱਢ ਤੋਂ ਹੀ ਵਿਰੋਧ ਰਿਹਾ ਹੈ। ਇਹ ਦੋਵੇਂ ਸਲਤਨਤਾਂ- ਇਕ ਸੱਚ ਹੱਕ ਦੀ, ਇਕ ਕੂੜ ਦੀ- ਨਾਲੋ-ਨਾਲ ਬਰਾਬਰ ਚਲਦੀਆਂ ਰਹੀਆਂ ਹਨ। ਛੇਵੇਂ ਪਾਤਸ਼ਾਹ ਇਕ ਵੇਰ ਜਦੋਂ ਫਗਵਾੜੇ ਆਏ ਤਾਂ ਏਥੋ ਦੇ ਲੋਕਾਂ ਨੇ ਉਨ੍ਹਾਂ ਨਾਲ ਕੁਝ ਅੱਛਾ ਵਿਵਹਾਰ ਨਾ ਕੀਤਾ, ਜਿਸ ਕਰਕੇ ਉਨ੍ਹਾਂ ਏਥੇ ਪੜਾਅ ਨਾ ਕੀਤਾ, ਕਹਿਣ ਲੱਗੇ:

ਫੱਗੂ ਦਾ ਬਾੜਾ, ਬਾਹਰੋਂ ਮਿੱਠਾ ਅੰਦਰੋਂ ਖਾਰਾ।

ਏਨੀ ਗੱਲ ਕਹਿ ਕੇ ਉਹ ਚਲਦੇ ਬਣੇ ਅਤੇ ਨਾਲ ਲਗਦੇ ਪਿੰਡ ਸੁਖਚੈਨ ਆਣਾ ਪਹੁੰਚ ਕੇ ਪੜਾਅ ਕੀਤਾ, ਜਿੱਥੇ ਉਨ੍ਹਾਂ ਦੀ ਯਾਦ ਵਿਚ ਇਕ ਬਹੁਤ ਵੱਡਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਮਹਾਰਾਜ ਦੀਆਂ ਨੇ ਕੁਝ ਨਵੇਂ ਸ਼ਹਿਰ ਪਹਾੜੀ ਇਲਾਕਿਆਂ ਵਿਚ ਵੀ ਵਸਾਏ, ਜਿਵੇਂ ਕਿ ਸ੍ਰੀ ਆਨੰਦਪੁਰ ਸਾਹਿਬ, ਪਾਉਂਟਾ ਸਾਹਿਬ। ਨਿਰਸੰਦੇਹ ਉਹ ਬਹੁਤ ਵੱਡੇ ਉਸਰਈਏ ਸਨ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਵਿਦਵਾਨਾਂ, ਬੁਧੀਜੀਵੀਆਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸ ਪੱਖ ਵਲ ਧਿਆਨ ਨਹੀਂ ਦਿੱਤਾ। ਅਸੀਂ ਅ ਪਣੇ ਕਿਸੇ ਹੋਰ ਲੇਖ 'ਚ ਉਨ੍ਹਾਂ ਦੇ ਇਸ ਅਹਿਮ ਪੱਖ 'ਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗੇ।

ਇਸ ਲੇਖ ਦੀ ਸ਼ੁਰੂਆਤ ਅਸੀਂ ਸ਼ਹਿਰ ਅੰਮ੍ਰਿਤਸਰ ਤੋਂ ਕੀਤੀ ਸੀ। ਇਸ ਦਾ ਅੰਤ ਵੀ ਅਸੀ ਹੁਣ ਓਸੇ ਨਾਲ ਹੀ ਕਰਦੇ ਹਾਂ। ਇਲਾਹੀ ਫੁਰਮਾਨ ਹੈ, ''ਡਿੱਠੇ ਸਭੈ ਥਾਵ ਨਹੀਂ ਤੁੱਧ ਜੇਹਿਆ।'' ਅਸਲ ਅਟੱਲ ਗੱਲ ਤਾਂ ਇਹੀ ਹੈ। ਇਸ ਵਰਗਾ ਹੋਰ ਕਿਹੜਾ ਸ਼ਹਿਰ ਹੋ ਸਕਦਾ ਹੈ? ਇਸ ਬਾਰੇ ਸਟੇਜੀ ਕਵੀ ਗੁਰਬਚਨ ਸਿੰਘ ਮਾਹੀਆ ਨੇ ਕਦੇ ਇਹ ਕਵਿਤਾ ਲਿਖੀ ਸੀ:

ਉਪਮਾਂ ਮਿਲੇ ਨਾ ਢੂਡਿਆਂ, ਸ੍ਰੀ ਅੰਮ੍ਰਿਤਸਰ ਦੀ।
ਸਿਫ਼ਤ ਕਰਾਂ ਮੈਂ ਕਿਸ ਤਰ੍ਹਾਂ, ਸਿਫ਼ਤੀ ਦੇ ਘਰ ਦੀ।

ਨਾਮ ਜੀਭ 'ਤੇ ਆਉਂਦਿਆਂ, ਰੂਹ ਜਾਵੇ ਠਰਦੀ।
ਲੱਗੀ ਝੜੀ ਪ੍ਰੇਮ ਦੀ, ਨਿੱਤ ਮਸਤੀ ਵ੍ਰਰਦੀ।

*(ਮਾਹੀਆ ਦੀ ਕਵਿਤਾ ਵਿਚੋਂ)*

(ਵਿਸ਼ੇਸ਼ ਧੰਨਵਾਦ: ਸ੍ਰੀ ਭਾਰਦਵਾਜ ਬੈਰਿਸਟਰ ਊਨਾ, ਕੁਝ ਅਦੁੱਤੀ ਤਸਵੀਰਾਂ ਲਈ)

ਇਸ ਲੇਖ ਵਿੱਚ ਅਸੀਂ ਸ਼ਹਿਰਾਂ ਦੇ ਤਵਾਰੀਖੀ ਪੱਖਾਂ ਬਾਰੇ ਵਧੇਰੇ ਧਿਆਨ ਦਿੱਤਾ ਹੈ, ਸੰਖਿਪਤ ਰਹਿਣ ਖਾਤਰ ਅਜੋਕੀ ਸਥਿਤੀ ਚਿਤਰਨ ਦੀ ਕਮਜ਼ੋਰੀ ਰਹਿ ਗਈ ਹੈ। ਉਸ ਖਾਮੀ ਨੂੰ ਦੂਰ ਕਰਨ ਲਈ ਅਸੀਂ ਇਕ ਨੌਜਵਾਨ ਬਲਰਾਜ ਸਿੰਘ ਗਿੱਲ ਦੀਆਂ 12 ਜ਼ਿਲ੍ਹਿਆਂ ਸਬੰਧੀ ਲਿਖੀਆਂ ਤੁਕਾਂ ਦਾ ਸਹਾਰਾ ਲੈ ਲੈਂਦੇ ਹਾਂ, ਜਿਹੜੀਆਂ ਉਸ ਨੇ 1990 ਦੇ ਨੇੜੇ-ਤੇੜੇ ਲਿਖੀਆਂ ਸਨ:-

**ਪੰਜਾਬ ਦੇ 12 ਜ਼ਿਲ੍ਹਿਆਂ ਦੀ ਜਾਣ-ਪਛਾਣ**

ਲੁਧਿਆਣੇ ਜਿੰਨਾ ਗੰਦ ਨਹੀਂ।
ਪਟਿਆਲੇ ਜਿੰਨੀ ਠੰਢ ਨਹੀਂ।
ਬਠਿੰਡੇ ਜਿੰਨਾ ਰੇਤਾ ਨਹੀਂ।
ਸੰਗਰੂਰ ਜਿੰਨੇ ਨੇਤਾ ਨਹੀਂ।
ਜਲੰਧਰ ਜਿੰਨੀ ਸ਼ਾਨ ਨਹੀਂ।
ਅੰਮ੍ਰਿਤਸਰ ਜਿੰਨਾ ਦਾਨ ਨਹੀਂ।
ਫ਼ਰੀਦਕੋਟ ਜਿੰਨੇ ਵਿੰਗ ਨਹੀਂ।
ਗੁਰਦਾਸਪੁਰ ਜਿੰਨੇ ਨਿਹੰਗ ਨਹੀਂ।
ਫ਼ਿਰੋਜ਼ਪੁਰ ਜਿੰਨੀ ਧੁੱਪ ਨਹੀਂ।
ਹੁਸ਼ਿਆਰਪੁਰ ਜਿੰਨੇ ਰੁੱਖ ਨਹੀਂ।
ਰੋਪੜ ਜਿੰਨੀ ਮਹਿੰਗਾਈ ਨਹੀਂ।

ਧਨਵਾਦ ਰੋਹਿਤ ਭਾਰਦਵਾਜ।
ਮੋਬਾਈਲ : 0044-7440-480-621